ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੨੩ ਅੱਸੂ ੨੦੨੫ Wednesday, 08 October

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

# ਸੋਢੀ ਸੁਲਤਾਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਅੰਕ

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ**



## ਕੱਤਕ ਵਦੀ ੨, ਸੰਮਤ ੧੫੯੧ ਬਿ. ਮੁਤਾਬਿਕ ੩ ਕੱਤਕ, ਸੰਮਤ ਨਾਨਕਸ਼ਾਹੀ ੫੫੬

**Katak Vadi 2, Samvat 1591 Bikrami — corresponding to 3 Katak, Nanakshahi Samvat 556**

ਸਿੱਖ ਧਰਮ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪਿਤਾ ਸੋਢੀ ਹਰਿਦਾਸ ਜੀ ਅਤੇ ਮਾਤਾ ਦਯਾ ਕੌਰ (ਅਨੂਪ ਦੇਵੀ) ਜੀ ਦੇ ਗ੍ਰਿਹ ਚੂਨਾ ਮੰਡੀ ਲਾਹੌਰ ਵਿਖੇ ਹੋਇਆ। ਸੱਤ ਸਾਲ ਦੀ ਉਮਰ ਵਿੱਚ ਆਪ ਦੇ ਮਾਤਾ-ਪਿਤਾ ਅਕਾਲ ਚਲਾਣਾ ਕਰ ਗਏ। ਜਿਸ ਤੋਂ ਬਾਅਦ ਨਾਨੀ ਜੇਠਾ ਜੀ ਨੂੰ ਬਾਸਰਕੇ ਲੈ ਆਏ। ਕਰੀਬ ੧੨ ਸਾਲ ਦੀ ਉਮਰ ਵਿੱਚ ਆਪ ਬਾਸਰਕੇ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ’ਚ ਰਹਿੰਦਿਆਂ ਸ਼ਰਧਾ ਤੇ ਲਗਨ ਨਾਲ ਗੁਰੂ ਘਰ ਦੀਆਂ ਸੇਵਾਵਾਂ ਨਿਭਾਈਆਂ। ਇਨ੍ਹਾਂ ਸੇਵਾਵਾਂ ਸਦਕਾ ਗੁਰੂ ਜੀ ਨੇ ਉਨ੍ਹਾਂ ਨੂੰ ਯੋਗ ਜਾਣ ਕੇ ਗੁਰਿਆਈ ਬਖ਼ਸ਼ਿਸ਼ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਕੀਤੇ ਕਾਰਜਾਂ ਵਿੱਚ ਸ੍ਰੀ ਅੰਮ੍ਰਿਤਸਰ ਸਰੋਵਰ ਤੇ ਨਗਰ ਦਾ ਨਿਰਮਾਣ ਵਿਸ਼ੇਸ਼ ਤੌਰ ’ਤੇ ਵਰਨਣਯੋਗ ਹਨ। ਆਪ ਜੀ ਦੁਆਰਾ ਰਚਿਤ ‘ਧੁਰ ਕੀ ਬਾਣੀ’ ਤੀਹ ਰਾਗਾਂ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

The fourth Guru of the Sikh faith, Sri Guru Ram Das Ji, was born at Chuna Mandi, Lahore, to Sodhi Haridas Ji and Mata Daya Kaur Ji (also known as Anup Devi Ji).At the age of seven, Guru Ji lost both of his parents, after which young Jetha Ji was raised by his grandmother at Basarke. Around the age of twelve, he moved from Basarke to Sri Goindwal Sahib.There, in the sanctuary of Sri Guru Amar Das Ji, he served with deep devotion, humility, and dedication. Through this unwavering service, Guru Amar Das Ji recognized his worthiness and bestowed upon him the sacred responsibility of Guruship.Among the many contributions of Sri Guru Ram Das Ji, the founding of the holy city of Amritsar and the construction of its sacred sarovar (pool of nectar) are especially significant.Guru Ji also composed Dhur ki Bani(divinely inspired hymns), which are enshrined in the Sri Guru Granth Sahib Ji under thirty different musical raags.

# ਸ੍ਰੀ ਗੁਰੂ ਰਾਮਦਾਸ ਜੀ ਦੀ ਤਾਲੀਮ (ਉਹਨਾਂ ਦੀਆਂ ਜੀਵਨ-ਸਾਖੀਆਂ ਵਿਚੋਂ)

ਪ੍ਰੋ.ਫੈਸਰ ਸਾਹਿਬ ਸਿੰਘ

**ਨਿਮਰਤਾ, ਗਰੀਬੀ:-**

ਲੋਕ ਆਮ ਤੌਰ ’ਤੇ ਕਿਸੇ ਮਤਲਬ ਦੀ ਖ਼ਾਤਰ, ਲੋੜ ਪੈਣ ’ਤੇ ਦੂਜੇ ਅੱਗੇ ਲਿਫ਼ਦੇ ਹਨ, ਪਰ ਜਦੋਂ ਕਿਸੇ ਮਰਤਬੇ ਉੱਤੇ ਅੱਪੜ ਜਾਂਦੇ ਹਨ, ਤਾਂ ਉਹ ਲਿਫ਼ਣਾ, ਉਹਨਾਂ ਨੂੰ ਭੁੱਲ ਜਾਂਦਾ ਹੈ। ਮਨੁੱਖ ਕੋਠੇ ਉੱਤੇ ਚੜ੍ਹਨ ਲਈ ਪਉੜੀ ਵੱਲ ਮੂੰਹ ਕਰ ਕੇ ਪਉੜੀ ਦੇ ਇਕ ਇਕ ਡੰਡੇ ਨੂੰ ਹੱਥ ਪਾਈ ਜਾਂਦਾ ਹੈ, ਪਰ ਜਦੋਂ ਅਖ਼ੀਰਲੇ ਡੰਡੇ ਉੱਤੇ ਪੈਰ ਰੱਖ ਕੇ ਉਹ ਕੋਠੇ ਉੱਤੇ ਜਾ ਪਹੁੰਚਦਾ ਹੈ ਤਾਂ ਪਉੜੀ ਵੱਲ ਉਸ ਦੀ ਪਿੱਠ ਹੋ ਜਾਂਦੀ ਹੈ। ਇਹੀ ਹਾਲ ਇਸ ਦਾ ਹੁੰਦਾ ਹੈ, ਰੋਜ਼ਾਨਾ ਜੀਵਨ ਵਿਚ ਨਿਮ੍ਰਤਾ ਵੱਲ ਮੂੰਹ ਉਤਨਾ ਚਿਰ, ਜਿਤਨਾ ਚਿਰ ਚੌਧਰ ਨਹੀਂ ਮਿਲੀ। ਚੌਧਰ ਮਿਲਦਿਆਂ ਹੀ, ਤੂੰ ਕੌਣ ਤੇ ਮੈਂ ਕੌਣ ? ਜਗਤ ਵਿਚ ਬੜੇ ਹੀ ਵਿਰਲੇ ਹੁੰਦੇ ਹਨ ਜੋ ਮਰਤਬੇ ਉੱਤੇ ਪਹੁੰਚ ਕੇ ਨਿਮਰਤਾ-ਸੁਭਾਵ ਨਹੀਂ ਛੱਡਦੇ।

ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚ ਅਸੀਂ ਵੇਖਦੇ ਹਾਂ ਕਿ ਦੁਨੀਆਂ ਵਾਲੇ ਸਾਕੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਜਵਾਈ ਹੁੰਦਿਆਂ ਭੀ, ਹੱਦ ਦਰਜੇ ਦੇ ਗਰੀਬੀ ਸੁਭਾਵ ਨਾਲ ਸਤਿਗੁਰੂ ਜੀ ਦੀ ਦੱਸੀ ਹਰੇਕ ਸੇਵਾ ਕਰਦੇ ਰਹੇ। ਗੁਰੂ ਬਣ ਕੇ ਭੀ ਇਸ ਸੁਭਾਵ ਵਿਚ ਰਤਾ ਫ਼ਰਕ ਨਾ ਪਿਆ। ਸਿੱਖਾਂ ਵਾਸਤੇ ਨਿਮ੍ਰਤਾ ਤੇ ਮਿਠਾਸ ਦੇ ਪੂਰਨੇ ਸਦਾ ਹੀ ਪਾਉਂਦੇ ਰਹੇ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਬਾਬਾ ਸਿਰੀ ਚੰਦ ਜੀ ਬਾਰਠ (ਗੁਰਦਾਸਪੁਰ) ਤੋਂ ਇਹਨਾਂ ਦੇ ਦਰਸ਼ਨ ਕਰਨ ਆਏ। ਸ੍ਰੀ ਗੁਰੂ ਰਾਮਦਾਸ ਜੀ ਨੇ ਸੁਣਿਆ, ਕਿ ਬਾਬਾ ਜੀ ਆ ਰਹੇ ਹਨ। ਅੱਗੋਂ-ਵਾਂਢੀ ਲੈਣ ਗਏ। ਬਾਬਾ ਜੀ ਦੀ ਕਾਫ਼ੀ ਲੰਮੀ ਉਮਰ ਹੋ ਚੁੱਕੀ ਸੀ, ਸੱਤਰ ਸਾਲਾਂ ਤੋਂ ਟੱਪ ਚੁੱਕੇ ਹੋਏ ਸਨ। ਸਤਿਗੁਰੂ ਜੀ ਨੇ ਆਪਣੇ ਹੱਥੀਂ ਉਹਨਾਂ ਦੀਆਂ ਲੱਤਾਂ ਘੁੱਟੀਆਂ, ਚਰਨ ਦਬਾਏ। ਸ੍ਰੀ ਗੁਰੂ ਰਾਮਦਾਸ ਜੀ ਦੀ ਦਾੜ੍ਹੀ ਬਹੁਤ ਲੰਮੀ ਸੀ । ਬਾਬਾ ਸਿਰੀ ਚੰਦ ਜੀ ਵੇਖ ਕੇ ਮੁਸਕਰਾ ਪਏ ਅਤੇ ਪੁੱਛਣ ਲੱਗੇ-“ਇਹ ਦਾੜ੍ਹੀ ਤੁਸਾਂ ਇਤਨੀ ਲੰਮੀ ਕਿਉਂ ਵਧਾਈ ਹੋਈ ਹੈ ?”ਗੁਰੂ ਰਾਮਦਾਸ ਜੀ ਨੇ ਉੱਤਰ ਦਿੱਤਾ ਕਿ “ਤੁਹਾਡੇ ਵਰਗੇ ਮਹਾਂ ਪੁਰਖਾਂ ਦੇ ਚਰਨ ਝਾੜਨ ਲਈ ।

**ਖਾਲਕੁ ਖਲਕ ਮਹਿ:-**

ਗੁਰੂ ਕੇ ਲੰਗਰ ਵਿਚ ਇਕ ਸਿੱਖ ਭਾਈ ਹੰਦਾਲ ਸੇਵਾ ਕਰਿਆ ਕਰਦਾ ਸੀ। ਭਾਈ ਹੰਦਾਲ, ਜੰਡਿਆਲਾ (ਜ਼ਿਲ੍ਹਾ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ। ਦਿਨ ਰਾਤ ਲੰਗਰ ਦੀ ਸੇਵਾ ਤੋਂ ਛੁੱਟ ਇਸ ਦਾ ਹੋਰ ਕੋਈ ਸ਼ੁਗਲ ਨਹੀਂ ਸੀ। ਲੰਗਰ ਦੀ ਸੇਵਾ ਅਤੇ ਲੰਗਰ ਵਿਚ ਆਏ ਸਿੱਖਾਂ ਦੀ ਸੇਵਾ ਵਿਚ ਹੰਦਾਲ ਇਤਨਾ ਮਸਤ ਰਹਿੰਦਾ ਸੀ ਕਿ ਇਸ ਨੂੰ ਸਤਿਗੁਰੂ ਜੀ ਦੇ ਦੀਵਾਨ ਵਿਚ ਜਾਣ ਦੀ ਵੀ ਕਦੇ ਘੱਟ ਹੀ ਵੇਹਲ ਮਿਲਦੀ ਸੀ । ਉਂਜ ਹੱਥ ਸੇਵਾ ਵਿਚ ਅਤੇ ਸੁਰਤ ਗੁਰ-ਚਰਨਾਂ ਵਿਚ। ਚੰਨ ਚੜ੍ਹਿ ਆ ਹੋਇਆ ਰੋਸ਼ਨ ਹੋ ਹੀ ਪੈਣਾ ਹੋਇਆ। ਭਾਈ ਹੰਦਾਲ ਦੀ ਸ਼ੋਭਾ ਦੀ ਸੁਗੰਧੀ ਸ੍ਰੀ ਗੁਰੂ ਰਾਮਦਾਸ ਜੀ ਤੱਕ ਭੀ ਜਾ ਅੱਪੜੀ। ਹੁੰਦਾਲ ਤਾਂ ਕਦੇ ਕਦਾਈਂ ਹੀ ਦੀਵਾਨ ਵਿਚ ਆਉਂਦਾ ਸੀ, ਸਤਿਗੁਰੂ ਜੀ ਆਪ ਹੀ ਇਕ ਦਿਨ ਉਸ ਨੂੰ ਵੇਖਣ ਲਈ ਲੰਗਰ ਵਿਚ ਆ ਗਏ। ਹੰਦਾਲ ਉਸ ਵੇਲੇ ਆਟਾ ਗੁੰਨ ਰਿਹਾ ਸੀ। ਉਸ ਨੂੰ ਪਤਾ ਹੀ ਤਦੋਂ ਲੱਗਾ, ਜਦੋਂ ਸਤਿਗੁਰੂ ਜੀ ਸਿਰ ਉੱਤੇ ਹੀ ਜਾ ਪਹੁੰਚੇ। ਹੰਦਾਲ ਨੂੰ ਮੌਕਾ ਨਾ ਮਿਲ ਸਕਿਆ ਕਿ ਹੱਥ ਧੋ ਲਏ। ਆਟੇ ਨਾਲ ਲਿਬੜੇ ਹੱਥਾਂ ਨਾਲ ਗੁਰੂ-ਚਰਨਾਂ ਉੱਤੇ ਨਮਸਕਾਰ ਕਰਨ ਵਿਚ ਉਸ ਨੇ ਸਤਿਗੁਰੂ ਦੀ ਨਿਰਾਦਰੀ ਸਮਝੀ। ਲਿੱਬੜੇ ਹੋਏ ਹੱਥ ਹੰਦਾਲ ਨੇ ਪਿੱਠ ਪਿੱਛੇ ਕਰ ਲਏ ਅਤੇ ਗੋਡਿਆਂ-ਭਾਰ ਹੋ ਕੇ ਸਤਿਗੁਰੂ ਜੀ ਦੇ ਚਰਨਾਂ ਉੱਤੇ ਢਹਿ ਪਿਆ। ਉਸ ਦਾ ਇਹ ਅਨੋਖੇ ਢੰਗ ਦਾ ਸਤਿਕਾਰ ਵੇਖ ਕੇ, ਗੁਰੂ ਰਾਮਦਾਸ ਜੀ ਹੱਸ ਪਏ। ਹੰਦਾਲ ਦਾ ਉੱਚਾ ਜੀਵਨ ਵੇਖ ਕੇ ਉਸ ਨੂੰ ਸਿੱਖ-ਧਰਮ ਦਾ ਪ੍ਰਚਾਰਕ ਮੁਕੱਰਰ ਕਰ ਦਿੱਤਾ। ਪਰਮਾਤਮਾ ਨੂੰ ਬੰਦਿਆਂ ਵਿਚ ਵੇਖਣਾ-ਸਿੱਖ ਧਰਮ ਦਾ ਇਹ ਇਕ ਅੱਤ ਜ਼ਰੂਰੀ ਨਿਯਮ ਹੈ। ਨਿਸ਼ਕਾਮ ਸੇਵਾ ਭੀ ਤਦੋਂ ਹੀ ਕੀਤੀ ਜਾ ਸਕਦੀ ਹੈ, ਜਦੋਂ ਆਪਣੇ ਅੰਦਰ ਵੱਸਦਾ ਅਕਾਲ ਪੁਰਖ ਸਭਨਾਂ ਵਿਚ ਦਿੱਸੇ। ਇਸ ਨਿਸ਼ਾਨੇ ਨੂੰ ਸਾਹਮਣੇ ਰੱਖਣ ਵਾਲਾ ਸੇਵਕ ਹੀ ਧਰਮ ਦਾ ਪ੍ਰਚਾਰਕ ਬਣ ਸਕਦਾ ਹੈ। ਧਰਮ ਦੀਆਂ ਨਿਰੀਆਂ ਜ਼ਬਾਨੀ-ਜ਼ਬਾਨੀ ਗੱਲਾਂ ਕਿਸੇ ਉੱਤੇ ਅਸਰ ਨਹੀਂ ਪਾ ਸਕਦੀਆਂ।

**ਗੁਰੂ ਦਾ ਸਤਿਕਾਰ:-**

ਮੂੰਹ ਦੇ ਬੋਲੇ ਹੋਏ ਬੋਲ ਸਹਿਜ ਸੁਭਾਇ ਮਨੁੱਖ ਦੇ ਆਪਣੇ ਜੀਵਨ ਉੱਤੇ ਅਸਰ ਪਾਈ ਜਾਂਦੇ ਹਨ। ਜਿਹੜਾ ਬੰਦਾ ਝਾਕਾ ਲਾਹ ਕੇ, ਆਪਣੇ ਕਿਸੇ ਬਜ਼ੁਰਗ ਨਾਲ ਫਿੱਕੇ ਬੋਲ ਬੋਲਣ ਲੱਗ ਪੈਂਦਾ ਹੈ, ਉਸ ਦੇ ਦਿਲ ਵਿਚੋਂ ਉਸ ਦਾ ਆਦਰ-ਸਤਿਕਾਰ ਭੀ ਸਹਿਜੇ-ਸਹਿਜੇ ਉੱਡਦਾ ਜਾਂਦਾ ਹੈ। ਇਸੇ ਤਰ੍ਹਾਂ ਜੇ ਕਿਸੇ ਦੇ ਕੰਨ ਆਪਣੇ ਕਿਸੇ ਬਜ਼ੁਰਗ ਬਾਰੇ ਨਿਰਾਦਰੀ ਦੇ ਬਚਨ ਸੁਣਨੇ ਗਿੱਝ ਜਾਣ, ਤਾਂ ਉਸ ਬਜ਼ੁਰਗ ਦਾ ਸਤਿਕਾਰ ਮਨ ਵਿਚੋਂ ਮਿਟਦਾ ਜਾਂਦਾ ਹੈ।

ਜੇ ਸਿੱਖ ਦੇ ਹਿਰਦੇ ਵਿਚ ਗੁਰੂ ਵਾਸਤੇ ਸਤਿਕਾਰ ਨਾ ਰਹੇ ਤਾਂ ਗੁਰੂ ਦੇ ਉਪਦੇਸ਼ ਅਤੇ ਗੁਰੂ ਦੇ ਜੀਵਨ ਤੋਂ ਸਿੱਖ ਕੋਈ ਲਾਭ ਨਹੀਂ ਉਠਾ ਸਕਦਾ। ਕੁਦਰਤ ਦਾ ਇਹ ਇਕ ਅਟੱਲ ਨਿਯਮ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਵਿਚੋਂ ਮਿਲੀ ਹੋਈ ਇਹ ਸਿਖਿਆ, ਸਿੱਖ ਵਾਸਤੇ ਸਦਾ ਚਾਨਣ-ਮੁਨਾਰਾ ਬਣੀ ਰਹੇਗੀ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਮੰਗਤਾ ਫ਼ਕੀਰ ਗੋਇੰਦਵਾਲ ਵਿਚ ਰਹਿੰਦਾ ਸੀ। ਜਦ ਕਦੇ ਉਹ ਆਟਾ ਆਦਿਕ ਮੰਗਣ ਲਈ ਗੁਰੂ-ਦਰ ’ਤੇ ਆਉਂਦਾ ਸੀ ਤਾਂ ਸਿੱਖਾਂ ਨੂੰ ਸੁਣਾ ਸੁਣਾ ਕੇ ਸਤਿਗੁਰੂ ਜੀ ਦੀ ਸ਼ਾਨ ਵਿਚ ਕੁਬੋਲ ਬੋਲਦਾ ਸੀ। ਜੇ ਕੋਈ ਸਿੱਖ ਅੱਗੋਂ ਉਸ ਫ਼ਕੀਰ ਨਾਲ ਗਾਲ੍ਹ-ਮੰਦਾ ਹੋਣ ਲੱਗੇ ਤਾਂ ਸ੍ਰੀ ਗੁਰੂ ਅਮਰਦਾਸ ਜੀ ਵਰਜ ਦਿਆ ਕਰਦੇ ਸਨ। ਆਖ਼ਰ ਖਰ੍ਹਵੇ-ਪਨ ਦਾ ਇਲਾਜ ਖਰ੍ਹਵਾ-ਪਨ ਤਾਂ ਹੈ ਹੀ ਨਹੀਂ। (ਗੁਰੂ) ਰਾਮਦਾਸ ਜੀ ਉਸ ਫ਼ਕੀਰ ਨੂੰ ਬੜੇ ਪਿਆਰ ਨਾਲ ਸਮਝਾਉਣ ਦਾ ਜਤਨ ਕਰਦੇ ਰਹੇ, ਪਰ ਉਹ ਫਿਰ ਭੀ ਨਾ ਟਲਿਆ। ਟਲਦਾ ਭੀ ਕਿਵੇਂ ? ਸ੍ਰੀ ਗੁਰੂ ਅਮਰਦਾਸ ਜੀ ਦੇ ਲੰਗਰ ਦੀ ਮਰਯਾਦਾ ਤੋਂ ਖਿੱਝੇ ਹੋਏ ਜਾਤ-ਅਭਿਮਾਨੀਆਂ ਦੀ ਚੁੱਕਣਾ ਸੀ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਸੋਨੇ ਦੇ ਦੋ ਕੜੇ ਦਿੱਤੇ। (ਗੁਰੂ) ਰਾਮਦਾਸ ਜੀ ਇਕ ਕੜਾ ਉਸ ਫ਼ਕੀਰ ਨੂੰ ਦੇ ਆਏ ਅਤੇ ਉਸ ਨੂੰ ਸਮਝਾ ਦਿੱਤਾ ਕਿ ਮਹਾਂਪੁਰਖਾਂ ਦੀ ਨਿੰਦਿਆਂ ਨਹੀਂ ਕਰਨੀ ਚਾਹੀਦੀ। ਫ਼ਕੀਰ ਦੋ ਚਾਰ ਦਿਨਾਂ ਲਈ ਕੁਬੋਲਾਂ ਤੋਂ ਹਟਿਆ ਰਿਹਾ, ਪਰ ਤਪੇ ਅਤੇ ਉਸ ਦੇ ਸਾਥੀ ਬ੍ਰਾਹਮਣਾਂ ਦੀ ਚੁੱਕ ਵਿਚ ਆ ਕੇ ਫਿਰ ਉਹੀ ਰਵੱਈਆ ਫੜ ਲਇਓ ਸੁ । (ਗੁਰੂ) ਰਾਮਦਾਸ ਜੀ ਨੇ ਦੂਜਾ ਕੜਾ ਭੀ ਉਸ ਨੂੰ ਦੇ ਦਿੱਤਾ ਅਤੇ ਉਹ ਪੰਜ ਸੱਤ ਦਿਨ ਚੁੱਪ ਰਿਹਾ, ਫਿਰ ਉਹੀ ਦੁਰਬਚਨ। ਸ੍ਰੀ ਗੁਰੂ ਰਾਮਦਾਸ ਜੀ ਫਿਰ ਉਸ ਨੂੰ ਕੁਝ ਹੋਰ ਮਾਇਆ ਦੇ ਕੇ ਖਰ੍ਹਵੇ ਬੋਲਾਂ ਤੋਂ ਰੋਕਣ ਲੱਗੇ। ਸ੍ਰੀ ਗੁਰੂ ਅਮਰਦਾਸ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਸਮਝਾਇਆ ਕਿ ਪੈਰਾਂ ਹੇਠ ਰੁਲਦੇ ਬੰਦਿਆਂ ਵਿਚ ਮਨੁੱਖਤਾ ਦਾ ਅਹਿਸਾਸ ਪੈਦਾ ਕਰਨ ਲਈ ਅਸਾਂ ਲੰਗਰ ਦੀ ਮਰਯਾਦਾ ਜ਼ਰੂਰ ਜਾਰੀ ਰੱਖਣੀ ਹੈ। ਉੱਚ-ਜਾਤੀ ਵਾਲਿਆਂ ਨੇ ਭਾਵੇਂ ਆਪਣੀ ਹਰਦੀ ਬਾਜ਼ੀ ਵੇਖ ਕੇ ਜ਼ੋਰ ਲਾਉਣਾ ਹੈ ਅਤੇ ਇਸ ਭੁੱਲੜ ਮੰਗਤੇ ਵਰਗੇ ਕਈ ਬੰਦੇ ਪ੍ਰੇਰਨੇ ਹਨ, ਜੋ ਸਾਨੂੰ ਖਰਵੇ ਬੋਲ ਬੋਲਣ, ਪਰ ਸਾਡਾ ਵਿਗਾੜ ਕਰਨ ਦੇ ਥਾਂ ਇਹ ਫ਼ਕੀਰ ਸਾਡੀ ਸਹਾਇਤਾ ਕਰ ਰਿਹਾ ਹੈ, ਸਾਨੂੰ ਜਾਚ ਸਿਖਾ ਰਿਹਾ ਹੈ, ਕਿ ਅਸੀਂ ਹੱਸਦੇ-ਮੱਥੇ ਖਰਵਾ-ਪਨ ਸਹਾਰੀਏ ਅਤੇ ਖਿੱਝ ਤੋਂ ਬਚੇ ਰਹੀਏ।

**ਬ੍ਰਾਹਮਣ ਦੇ ਰਸੂਖ਼ ਉੱਤੇ ਕਰਾਰੀ ਚੋਟ:-**

ਹਰੇਕ ਹਿੰਦੂ-ਘਰਾਣੇ ਦੇ ਸਾਧਾਰਨ ਰੋਜ਼ਾਨਾ ਜੀਵਨ ਵਿਚ ਕਈ ਐਸੇ ਸਮੇਂ ਆਉਂਦੇ ਹਨ, ਜਦੋਂ ਬ੍ਰਾਹਮਣ ਦੀ ਸੇਵਾ-ਪੂਜਾ ਤੋਂ ਬਿਨਾਂ ਸਰ ਨਹੀਂ ਆਉਂਦੀ । ਸ਼ਾਸਤਰਾਂ ਦੀ ਦੱਸੀ ਮਰਯਾਦਾ ਅਨੁਸਾਰ ਉਹਨਾਂ ਸਮਿਆਂ ’ਤੇ ਘਰਾਣੇ ਦੇ ਬ੍ਰਾਹਮਣ ਨੇ ਹੀ ਆ ਕੇ ਭਾਈਚਾਰਕ ਰਸਮਾਂ ਸਿਰੇ ਚੜ੍ਹਾਣੀਆਂ ਹੁੰਦੀਆਂ ਹਨ। ਅਜਿਹੇ ਮੋਟੇ ਉੱਘੇ ਚਾਰ ਸਮੇਂ ਆਉਂਦੇ ਹਨ:

**1. ਘਰ ਵਿਚ ਬੱਚੇ-ਬੱਚੀ ਦਾ ਜੰਮਣਾ**

**2. ਜਨੇਊ**

**3. ਵਿਆਹ**

**4. ਮਿਰਤਕ ਸੰਸਕਾਰ-ਪਿੰਡ ਭਰਾਣੇ, ਕਿਰਿਆ, ਫੁੱਲ ਹਰਿਦੁਆਰ ਤਾਰਨੇ ਆਦਿਕ।**

1. ਜਦੋਂ ਕਿਸੇ ਹਿੰਦੂ-ਘਰ ਵਿਚ ਕੋਈ ਬਾਲ ਜੰਮੇ ਤਾਂ 13 ਦਿਨ ਲਈ ਘਰ ਵਿਚ ‘ਸੂਤਕ’ ਦੀ ਅਪਵਿੱਤਰਤਾ ਹੋ ਜਾਂਦੀ ਹੈ। ਤੇਰ੍ਹਵੇਂ ਦਿਨ ਪ੍ਰਸੂਤਾ ਇਸਤਰੀ ਚੌਂਕੇ ਚੜ੍ਹਦੀ ਹੈ, ਉਸ ਦਿਨ ਜ਼ਰੂਰੀ ਹੈ, ਕਿ ਘਰ ਦੇ ਬ੍ਰਾਹਮਣ ਜਾਂ ਬ੍ਰਾਹਮਣੀ ਨੂੰ ਭੋਜਨ ਖੁਆਇਆ ਜਾਏ।

2. ਕੁਦਰਤੀ ਜਨਮ ਤੋਂ ਇਲਾਵਾ ਹਰੇਕ ਹਿੰਦੂ ਨੂੰ ਖ਼ਾਸ ਉਮਰੇ ਧਾਰਮਿਕ ਮੰਡਲ ਵਿਚ ਭੀ ਜਨਮ ਲੈਣਾ ਪੈਂਦਾ ਹੈ, ਜਨੇਊ ਪਾਣਾ ਪੈਂਦਾ ਹੈ। ਇਹ ਜਨੇਊ ਦੀ ਮਰਯਾਦਾ ਬ੍ਰਾਹਮਣ, ਖੱਤ੍ਰੀ ਅਤੇ ਵੈਸ਼ ਵਾਸਤੇ ਜ਼ਰੂਰੀ ਹੈ । ਸ਼ੂਦਰ ਨੂੰ ਜਨੇਊ ਪਾਉਣ ਦਾ ਅਧਿਕਾਰ ਨਹੀਂ ਹੈ। ਜਨੇਊ ਪਾਉਣ ਸਮੇਂ ਘਰ ਦੇ ਪੁਰੋਹਤ ਦੀ ਸੇਵਾ-ਪੂਜਾ ਜ਼ਰੂਰੀ ਹੈ, ਉਹੀ ਜਨੇਊ ਪਵਾ ਸਕਦਾ ਹੈ।

3. ਵਿਆਹ ਦੀ ਮਰਯਾਦਾ ਭੀ ਬ੍ਰਾਹਮਣ ਦੇ ਵਸੀਲੇ ਤੋਂ ਬਿਨਾਂ ਹਿੰਦੂ-ਘਰਾਂ ਵਿਚ ਕੀਤੀ ਨਹੀਂ ਜਾ ਸਕਦੀ।

4. ਮਿਰਤਕ ਸੰਸਕਾਰ-ਜਦੋਂ ਕੋਈ ਹਿੰਦੂ ਪ੍ਰਾਣੀ ਮਰਦਾ ਹੈ ਤਾਂ ਉਸ ਦੇ ਸਰੀਰ ਦਾ ਸਸਕਾਰ, ਦਸੀਂ ਦਿਨੀਂ ਕਿਰਿਆ, ਉਸ ਦੇ ਫੁੱਲ ਹਰਿਦੁਆਰ ਗੰਗਾ ਵਿਖੇ ਪਾਉਣੇ, ਇਹ ਕੋਈ ਭੀ ਮਰਯਾਦਾ ਬ੍ਰਾਹਮਣ ਦੀ ਸਹਾਇਤਾ ਤੋਂ ਬਿਨਾਂ ਨਹੀਂ ਹੋ ਸਕਦੀ।

ਜੇ ਕੋਈ ਹਿੰਦੂ ਇਹਨਾਂ ਵਿਚੋਂ ਕਿਸੇ ਮਰਯਾਦਾ ਦਾ ਉਲੰਘਣ ਕਰ ਬਹੇ ਤਾਂ ਉਸ ਨੂੰ ਤੁਰੰਤ ਬਰਾਬਰੀ ਨਾਲੋਂ ਨਿਖੇੜ ਦਿੱਤਾ ਜਾਂਦਾ ਹੈ, ਉਸ ਨਾਲ ਖਾਣ-ਪੀਣ ਦੀ ਵਰਤੋਂ ਬੰਦ ਕਰ ਦਿੱਤੀ ਜਾਂਦੀ ਹੈ, ਮਰਨੇ-ਪਰਨੇ ’ਤੇ ਕੋਈ ਹਿੰਦੂ ਭਰਾ ਉਸ ਨਾਲ ਭਾਈਚਾਰਕ ਸਾਂਝ ਨਹੀਂ ਰੱਖ ਸਕਦਾ। ਇਹਨਾਂ ਬੰਦਸ਼ਾਂ ਦੇ ਆਸਰੇ ਹੀ ਤਾਂ ਹਿੰਦੂ-ਕੌਮ ਦੇ ਸਿਰੋਂ ਬ੍ਰਾਹਮਣ ਦੀ ਬੇ-ਫ਼ਿਕਰ ਰੋਜ਼ੀ ਬਣੀ ਰਹਿੰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ-ਜਨਤਾ ਦੇ ਮੋਢਿਆਂ ਤੋਂ ਗ਼ੁਲਾਮੀ ਦਾ ਇਹ ਜੂਲਾ ਉਤਾਰਨਾ ਸ਼ੁਰੂ ਕਰ ਦਿੱਤਾ। ਜਦੋਂ ਮਾਪਿਆਂ ਨੇ ਉਹਨਾਂ ਨੂੰ ਜਨੇਊ ਪਵਾਣ ਦੀ ਕੋਸ਼ਿਸ਼ ਕੀਤੀ, ਸਤਿਗੁਰੂ ਜੀ ਨੇ ਇਨਕਾਰ ਕਰ ਦਿੱਤਾ। ‘ਸੂਤਕ’ ਦੇ ਭਰਮ-ਜਾਲ ਨੂੰ ਭੀ ਖੁੱਲ੍ਹੇ ਲਫ਼ਜ਼ਾਂ ਵਿਚ ਤੋੜਿਆ, ਕਿ ਜੇ ਜੰਮਣ ਮਰਨ ਦੇ ਵਹਿਮ ਕੀਤੇ ਗਏ ਤਾਂ ਹਰੇਕ ਘਰ ਵਿਚ ਹਰ ਵੇਲੇ ਹੀ ਸੂਤਕ ਪਿਆ ਰਹਿੰਦਾ ਹੈ, ਕਿਉਂਕਿ ਹੋਰ ਤਾਂ ਹੋਰ ਹਰ ਵੇਲੇ ਦੀ ਵਰਤਣ ਵਾਲੀ ਸ਼ੈ ਪਾਣੀ ਵਿਚ ਹੀ ਅਨੇਕਾਂ ਜੀਆ ਜੰਤ ਹਨ।

ਮਿਰਤਕ ਸੰਸਕਾਰ ਦੀਆਂ ਬੰਦਸ਼ਾਂ ਵਲੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਆਜ਼ਾਦ ਕਰ ਦਿੱਤਾ ਅਤੇ ਆਖਿਆ ਕਿ ਮਰਦੇ ਪ੍ਰਾਣੀ ਦੀ ਤਲੀ ਉੱਤੇ ਦੀਵਾ ਜਗਾਣਾ, ਪਿੰਡ ਭਰਾਣੇ, ਕਿਰਿਆ ਕਰਨੀ, ਉਸ ਦੇ ਫੁੱਲ ਹਰਿਦੁਆਰ ਲੈ ਜਾਣੇ, ਅਜਿਹੀ ਕਿਸੇ ਮਰਯਾਦਾ ਦੀ ਸਿੱਖ ਨੂੰ ਲੋੜ ਨਹੀਂ ਹੈ। ਸਤਸੰਗ ਕਰੋ, ਬਾਣੀ ਪੜ੍ਹੋ ਅਤੇ ਪ੍ਰਭੂ ਚਰਨਾਂ ਵਿਚ ਅਰਦਾਸ ਕਰੋ। ਕਿਸੇ ਖ਼ਾਸ ਸ਼੍ਰੇਣੀ ਦੇ ਮਨੁੱਖ ਦਾ ਕੋਈ ਠੇਕਾ ਨਹੀਂ ਹੈ, ਹਰੇਕ ਸਿੱਖ ਆਪ ਹੀ ਇਹ ਸਾਰੇ ਉੱਦਮ ਕਰ ਸਕਦਾ ਹੈ।

ਵਿਆਹ ਵੇਲੇ ਦੀ ਬ੍ਰਾਹਮਣ ਦੀ ਮੁਥਾਜੀ ਸ੍ਰੀ ਗੁਰੂ ਰਾਮਦਾਸ ਜੀ ਨੇ ਦੂਰ ਕਰ ਦਿੱਤੀ। ਵਿਆਹ ਵੇਲੇ ਜਿਹੜੀਆਂ ਚਾਰ ਲਾਵਾਂ ਵੇਦੀ ਗੱਡ ਕੇ ਬ੍ਰਾਹਮਣ ਆ ਕੇ ਕਰਾਂਦਾ ਸੀ ਅਤੇ ਵੇਦ-ਮੰਤ੍ਰ ਆਦਿਕ ਪੜ੍ਹਦਾ ਸੀ, ਉਹ ਚਾਰ ਲਾਵਾਂ ਪੜ੍ਹਨ ਦਾ ਅਧਿਕਾਰ ਸ੍ਰੀ ਗੁਰੂ ਰਾਮਦਾਸ ਜੀ ਨੇ ਹਰੇਕ ਸਿੱਖ ਨੂੰ ਦੇ ਦਿੱਤਾ। ਸੂਹੀ ਰਾਗ ਵਿਚ ਉਹਨਾਂ ਇਕ ’ਛੰਤ’ ਚਾਰ ਪਉੜੀਆਂ ਵਾਲਾ ਲਿੱਖ ਦਿੱਤਾ, ਜੋ ਵਿਆਹਾਂ ਸਮੇਂ ਸਿੱਖ ਪੜ੍ਹਦੇ ਹਨ ਅਤੇ ਕਿਸੇ ਗੱਲੋਂ ਬ੍ਰਾਹਮਣ ਦੇ ਮੁਥਾਜ ਨਹੀਂ ਰਹਿੰਦੇ।

ਇਸ ਤਰ੍ਹਾਂ ਸਹਿਜੇ-ਸਹਿਜੇ ਸਿੱਖ-ਜਨਤਾ ਬ੍ਰਾਹਮਣ ਦੇ ਜੂਲੇ ਹੇਠੋਂ ਨਿਕਲਦੀ ਗਈ ਅਤੇ ਸਿੱਖ-ਧਰਮ ਹਿੰਦੂ ਰਸਮਾਂ-ਰੀਤਾਂ ਤੋਂ ਵੱਖਰਾ ਹੁੰਦਾ ਗਿਆ।

# ਸ੍ਰੀ ਗੁਰੂ ਰਾਮਦਾਸ ਜੀ ਦਾ ਸਿੱਖ ਕੌਮ ਦੀ ਉਸਾਰੀ ਵਿਚ ਯੋਗਦਾਨ

-ਡਾ. ਇੰਦਰਜੀਤ ਸਿੰਘ ਵਾਸੂ

ਭਾਈ ਜੇਠਾ ਜੀ (ਜੋ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਕਹਾਏ) ਦਾ ਪ੍ਰਕਾਸ਼ ਚੂਨੀ ਮੰਡੀ, ਲਾਹੌਰ ਵਿਚ ੨੪ ਸਤੰਬਰ ੧੫੩੪ ਈ. ਵਿਚ ਹੋਇਆ। ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਰਾਗਾਂ ਵਿੱਚੋਂ ੩੦ ਰਾਗਾਂ ਵਿਚ ਬਾਣੀ ਰਚੀ। ਉਨ੍ਹਾਂ ਦੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਨੁੱਖੀ ਨਵ-ਨਿਰਮਾਣ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੀ ਹੈ। ਰੱਬੀ ਪ੍ਰੀਤ ਤੇ ਬਿਰਹਾ, ਸਿਮਰਨ ਤੇ ਸੇਵਾ, ਸੱਚੀ ਲਗਨ ਤੇ ਕੁਰਬਾਨੀ ਉਨ੍ਹਾਂ ਦੇ ਜੀਵਨ-ਆਦਰਸ਼ ਉਨ੍ਹਾਂ ਦੁਆਰਾ ਕੌਮੀ ਸਿਰਜਣਾ ਦੀ ਨੀਂਹ ਬਣੇ। ਉਨ੍ਹਾਂ ਨੇ ਬੜੀ ਜ਼ਿੰਮੇਵਾਰੀ ਨਾਲ ਸਿੱਖ ਧਰਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਸ਼ਚਿਤ ਲੀਹਾਂ ’ਤੇ ਤੋਰਿਆ। ਉਨ੍ਹਾਂ ਦੁਆਰਾ ਰਚੀ ਬਾਣੀ ਰਾਹੀਂ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਹੇਠ ਲਿਖੇ ਅਨੁਸਾਰ ਸਮਝਣ ਦਾ ਯਤਨ ਕਰ ਸਕਦੇ ਹਾਂ:

**ਪ੍ਰਭੂ ਪ੍ਰਾਪਤੀ ਲਈ ਆਤਮ ਸਮਰਪਣ:-** ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਅਨੁਸਾਰ ਮਨੁੱਖ ਦਾ ਜੀਵਨ-ਮਨੋਰਥ ਪਰਮਾਤਮਾ ਅਥਵਾ ਪਰਮ ਹਕੀਕਤ ਦੀ ਪ੍ਰਾਪਤੀ ਹੈ। ਇਸ ਪ੍ਰਾਪਤੀ ਵਿਚ ਸਹਾਇਕ ਬਣਨ ਵਾਲੇ ਵਿਅਕਤੀ ਲਈ ਉਹ ਆਪਾ ਵੇਚਣ ਲਈ ਤਿਆਰ ਹਨ। ਇੱਥੋਂ ਤਕ ਕਿ ਪ੍ਰਭੂ ਵਸਲ ਲਈ ਆਪਣੇ ਤਨ ਦੇ ਟੁੱਕੜੇ-ਟੁੱਕੜੇ ਕਰਾਉਣ ਵਿਚ ਵੀ ਉਨ੍ਹਾਂ ਨੂੰ ਕੋਈ ਉਜ਼ਰ ਨਹੀਂ। ਅਜਿਹੀ ਤੜਪ ਦਾ ਯਥਾਰਥਕ ਵਰਣਨ ਦੁਨਿਆਵੀ ਸਾਹਿਤ ਵਿਚ ਕਿਧਰੇ ਨਹੀਂ ਮਿਲਦਾ ਜਿਵੇਂ:

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥. . .
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ (ਅੰਗ ੭੫੭)

ਜੀਵਨ ਪਰਿਵਰਤਨ: ਉਪਰੋਕਤ ਆਤਮ-ਸਮਰਪਨ ਦੀ ਭਾਵਨਾ ਉਨ੍ਹਾਂ ਦੇ ਜੀਵਨ ਵਿਚ ਵੀ ਮਿਲਦੀ ਹੈ। ਇਸੇ ਭਾਵਨਾ ਨੇ ਉਨ੍ਹਾਂ ਦੇ ਜੀਵਨ ਦਾ ਕਾਇਆ-ਕਲਪ ਕੀਤਾ। ਆਪ ਦੀ ਸੇਵਾ ਪ੍ਰਵਾਨ ਹੋਈ। ਘੁੰਗਣੀਆਂ ਵੇਚਣ ਦੀ ਕਿਰਤ ਨੂੰ ਫਲ ਲੱਗਾ। ਸੇਵਾ, ਸਿਮਰਨ ਤੇ ਸਾਦਗੀ ਸਦਕਾ ਆਪ ਨੂੰ ਗੁਰਿਆਈ ਦੀ ਬਖਸ਼ਿਸ਼ ਹੋਈ। ਇਸ ਚਮਤਕਾਰੀ ਤਬਦੀਲੀ ਬਾਰੇ ਆਪ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
(ਅੰਗ ੧੩੭)

**ਹਉਮੈਂ ਦੀ ਭਾਵਨਾ ਦਾ ਵਿਨਾਸ਼:** ਪ੍ਰਭੂ-ਪ੍ਰਾਪਤੀ ਅਥਵਾ ਜੀਵਨ ਦੀ ਸੰਪੂਰਨਤਾ ਵਿਚ ਵੱਡੀ ਰੋਕ ਹਉਮੈਂ ਦੀ ਹੈ। ਇਹ ਮਨੁੱਖ ਦੀ ਸਵੈ-ਕੇਂਦਰੀਅਤਾ ਨਾਲ ਸੰਬੰਧਿਤ ਹੈ। ਇਹ ਮਨੁੱਖ ਨੂੰ ਕਈ ਸ਼੍ਰੇਣੀਆਂ ਵਿਚ ਵੰਡ ਕੇ, ਝੂਠੀਆਂ ਕੀਮਤਾਂ ਵਿਚ ਉਲਝਾ ਕੇ, ਭ੍ਰਿਸ਼ਟਾਚਾਰ ਦਾ ਕਾਰਨ ਬਣਦੀ ਹੈ। ਮਨੁੱਖ ਹਉਮੈਂ ਦੀ ਦਸ਼ਾ ਵਿਚ ਘਟ ਘਟ ਵਸਦੀ ਪਰਮ ਹੋਂਦ ਤੋਂ ਆਪਣੇ ਆਪ ਨੂੰ ਵੱਖ ਸਮਝਣ ਲਗਦਾ ਹੈ ਤੇ ਸਮਾਜਿਕ ਇਕਸੁਰਤਾ ਨੂੰ ਤੋੜਨ ਦੇ ਆਹਰ ਵਿਚ ਲਗਦਾ ਹੈ।

-ਹਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥
ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥ (ਅੰਗ ੫੯੨)
-ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ ॥ (ਅੰਗ ੪੪੯)

**ਮਾਨਵੀ ਹਸਤੀ ਦਾ ਸੰਕਟ ਤੇ ਸਮਾਧਾਨ:** ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਮਾਨਵੀ ਹਸਤੀ ਦੇ ਸੰਕਟ ਨਾਲ ਜੂਝਦੀ ਹੈ। ਇਹ ਸੰਕਟ ਮਾਨਵੀ ਰਿਸ਼ਤਿਆਂ ਦੀ ਅਣਸਥਿਰਤਾ, ਸੰਸਾਰ ਦੀਆਂ ਨਾਸ਼ਵਾਨ ਵਸਤਾਂ ਤੇ ਜੀਵਨ ਦੀ ਛਿੰਨ ਭੰਗਰਤਾ ਦੇ ਅਹਿਸਾਸ ਤੋਂ ਉਤਪੰਨ ਹੁੰਦਾ ਹੈ। ਰਿਸ਼ਤੇਦਾਰਾਂ ਦੀ ਖ਼ੁਦਗਰਜ਼ੀ ਜੀਵਨ ਵਿਚ ਬੇ-ਰਸੀ ਪੈਦਾ ਕਰਦੀ ਹੈ। ਗਰਜ਼ ਖਤਮ ਹੋਣ ’ਤੇ ਰਿਸ਼ਤੇ ਛਾਈ ਮਾਂਈ ਹੋ ਜਾਂਦੇ ਹਨ। ਮਾਨਵੀ ਹਸਤੀ ਦੇ ਵਿਘਟਨ ਨੂੰ ਸੰਘਟਨ ਵਿਚ ਬਦਲਣ ਦਾ ਚਮਤਕਾਰ ਇੱਕੋ ਇੱਕ ਗੁਰੂ ਦੀ ਹਸਤੀ ਕੋਲ ਹੈ ਜੋ ਮਨੁੱਖ ਨੂੰ ਸੱਚੀ ਲਿਵ ਪ੍ਰਦਾਨ ਕਰ ਕੇ, ਉਸ ਦੇ ਨੈਣਾਂ ਵਿਚ ਪ੍ਰਭੂ ਦੇ ਦੀਦਾਰ ਦੀ ਸਿੱਕ ਪੈਦਾ ਕਰ ਕੇ ਉਸ ਨੂੰ ਪ੍ਰਭੂ ਮਿਲਾਪ ਦੇ ਸਮਰਥ ਬਣਾ ਸਕਦੀ ਹੈ ਅਤੇ ਉਸ ਦੀ ਰੂਹ ਦੀ ਬੇਕਰਾਰੀ ਨੂੰ ਮਿਟਾ ਕੇ, ਉਸ ਨੂੰ ਨਾਮ ਦੀ ਸੀਤਲਤਾਈ ਪ੍ਰਦਾਨ ਕਰ ਕੇ ਸਦੀਵੀ ਮਾਨਸਿਕ ਅਨੰਦ ਤੇ ਚੈਨ ਨਸੀਬ ਕਰਵਾ ਸਕਦੀ ਹੈ। ਇਸ ਤਰ੍ਹਾਂ ਗੁਰੂ ਦੀ ਹਸਤੀ ਮਨੁੱਖੀ ਜੀਵਨ ਦੀ ਊਲ ਜਲੂਲਤਾ ਅਥਵਾ ਬੇ-ਤੁਕੇਪਣ ਨੂੰ ਨਿਸਪ੍ਰਭਾਵ ਕਰ ਸਕਦੀ ਹੈ। ਇਸ ਸੰਦਰਭ ਵਿਚ ਗੁਰਬਾਣੀ ਦੇ ਕੁਝ ਫੁਰਮਾਨ ਹੇਠ ਲਿਖੇ ਹਨ:

-ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥
(ਅੰਗ ੮੬੦)

-ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ ॥
ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥ (ਅੰਗ ੪੫੧)
-ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ ॥. . .
ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ ॥ (ਅੰਗ ੪੫੨)

**ਨਾਮ ਯੋਗ ਦੀ ਮਹਾਨਤਾ:** ਗੁਰੂ ਜੀ ਨੇ ਮਨੁੱਖ ਨੂੰ ਪ੍ਰਭੂ ਦੇ ਨਾਮ-ਸਿਮਰਨ ਦੀ ਮਹਾਨਤਾ ’ਤੇ ਜ਼ੋਰ ਦਿੱਤਾ ਅਤੇ ਇਸ ਗੁਰਮਤਿ ਦੀ ਰਹੁ-ਰੀਤੀ ਨੂੰ ਤੀਰਥ-ਯਾਤਰਾ ਪੁੰਨ-ਦਾਨ ਕਰਨ ਅਤੇ ਵਰਤ ਰੱਖਣ ਆਦਿ ਦੇ ਬਾਹਰਲੇ ਕਰਮ-ਕਾਂਡ ਤੋਂ ਉਚੇਰਾ ਦੱਸਿਆ ਕਿਉਂਕਿ ਨਾਮ-ਯੋਗ ਇਕ ਮਨੋਵਿਗਿਆਨਕ ਅਨੁਸ਼ਾਸਨ ਵਿਧੀ ਹੈ। ਜਿਸ ਨਾਲ ਮਾਨਸਿਕ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ, ਵਿਅਕਤੀ ਬਦੀ ਤੋਂ ਰਹਿਤ ਹੋ ਜਾਂਦਾ ਹੈ ਤੇ ਉਤਸ਼ਾਹੀ ਜੀਵਨ ਦਾ ਧਾਰਨੀ ਹੋ ਜਾਂਦਾ ਹੈ। ਇਹੋ ਜਿਹਾ ਵਿਅਕਤੀ ਪ੍ਰਵਾਨ ਪੁਰਖ ਦੀ ਪਦਵੀ ਗ੍ਰਹਿਣ ਕਰਦਾ ਹੈ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਫੁਰਮਾਨ ਜਿਨ ਹਰਿ ਜਪਿਆ ਸੇ ਹਰਿ ਹੋਏ ਦੀ ਰੋਸ਼ਨੀ ਵਿਚ ਉਹ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ। ਗੁਰਬਾਣੀ ਕੁਝ ਦੇ ਫੁਰਮਾਨ ਇਸ ਤੱਥ ਨੂੰ ਸਪੱਸ਼ਟ ਕਰਦੇ ਹਨ:

-ਸਭਿ ਤੀਰਥ ਵਰਤ ਜਗ ਪੁੰਨ ਤੋੁਲਾਹਾ ॥
ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥ (ਅੰਗ ੬੯੯)
-ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥
ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥ (ਅੰਗ੭੨੫)
-ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥ (ਅੰਗ੬੬੭)

**ਉੱਤਮ ਸ਼ਖ਼ਸੀਅਤ ਦਾ ਨਿਰਮਾਣ:** ਗੁਰੂ ਜੀ ਨੇ ਉੱਤਮ ਸ਼ਖ਼ਸੀਅਤ ਦੀ ਉਸਾਰੀ ਲਈ ਨਿਮਰਤਾ ’ਤੇ ਪ੍ਰੇਮ ਦੀ ਭਾਵਨਾ ਨੂੰ ਮੁੱਖ ਸਥਾਨ ਦਿੱਤਾ। ਉਨ੍ਹਾਂ ਦੇ ਵਿਚਾਰ ਅਨੁਸਾਰ ਪ੍ਰਭੂ ਦੇ ਦਰ ’ਤੇ ਨਾ ਝੁਕਣ ਵਾਲਾ ਸਿਰ ਕੱਟ ਦੇਣਾ ਚਾਹੀਦਾ ਹੈ ਤੇ ਪ੍ਰਭੂ-ਪ੍ਰੇਮ ਤੋਂ ਸੱਖਣਾ ਸਰੀਰ ਸਾੜਨ ਯੋਗ ਹੈ। ਗੁਰਸਿੱਖ ਦੇ ਮਨ ਵਿਚ ਗੁਰੂ-ਪ੍ਰੀਤ ਦਾ ਪਿਆਰ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਵੇਂ ਭਿਖਾਰੀ ਦਾ ਖੈਰ ਨਾਲ, ਭੁੱਖੇ ਦਾ ਅੰਨ ਨਾਲ, ਚਕਵੀ ਦਾ ਸੂਰਜ ਨਾਲ ਜਾਂ ਬਛੜੇ ਦਾ ਗਊ ਨਾਲ। ਉਨ੍ਹਾਂ ਨੇ ਇਸ ਸਬੰਧ ਵਿਚ ਮਨੁੱਖੀ ਜੀਵਨ ਤੇ ਪ੍ਰਕਿਰਤੀ ’ਚੋਂ ਮਿਸਾਲਾਂ ਦਿੱਤੀਆਂ ਜਿਵੇਂ:

-ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥
ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥ (ਅੰਗ ੮੯)
-ਭੀਖਕ ਪ੍ਰੀਤਿ ਭੀਖ ਪ੍ਰਭ ਪਾਇ ॥ ਭੂਖੇ ਪ੍ਰੀਤਿ ਹੋਵੈ ਅੰਨੁ ਖਾਇ ॥. . .
ਚਕਵੀ ਪ੍ਰੀਤਿ ਸੂਰਜੁ ਮੁਖਿ ਲਾਗੈ ॥. . .
ਬਛਰੇ ਪ੍ਰੀਤਿ ਖੀਰੁ ਮੁਖਿ ਖਾਇ ॥ (ਅੰਗ ੧੬੪)

**ਨਿਰਭਉ ਵਿਅਕਤਿਤਵ ਦੀ ਉਸਾਰੀ:** ਨਿਰਭੈਅ ਸ਼ਖ਼ਸੀਅਤ ਦੀ ਉਸਾਰੀ ਲਈ ਗੁਰੂ ਜੀ ਨੇ ਮਨੁੱਖ ਨੂੰ ਪ੍ਰੇਰਨਾ ਕੀਤੀ ਕਿ ਉਹ ਪ੍ਰਭੂ ਨੂੰ ਹਾਜ਼ਰ-ਨਾਜ਼ਰ ਰਹਿਣ ਵਾਲੀ ਹਸਤੀ ਮੰਨੇ ਤਾਂਕਿ ਉਹ ਪਾਪ-ਭਾਵਨਾ ਤੋਂ ਮੁਕਤ ਹੋ ਸਕੇ, ਮਨ ਦੀ ਪਵਿੱਤਰਤਾ ਵਾਲੀ ਦਸ਼ਾ ਪ੍ਰਾਪਤ ਕਰ ਸਕੇ ਜਿਸ ਦੀ ਪ੍ਰਾਪਤੀ ਨਾਲ ਮਨੁੱਖ ਹਰੇਕ ਕਿਸਮ ਦੇ ਡਰ ਤੋਂ ਮੁਕਤ ਹੋ ਸਕਦਾ ਹੈ। ਜਿਵੇਂ:

-ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ (ਅੰਗ ੮੪)
-ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥
(ਅੰਗ ੫੪੦)

(ਬਾਕੀ ਸਫ਼ਾ 3 ’ਤੇ)

# ਪ੍ਰਕਾਸ਼ ਪੁਰਬ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਸਿੱਖੀ ਦੇ ਕੇਂਦਰੀ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਬਾਨੀ ਧੰਨ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਦਾ ਪ੍ਰਕਾਸ਼ ਕੱਤਕ ਵਦੀ 2 ਬਿਕ੍ਰਮੀ ਸੰਮਤ ੧੫੯੧ (1534 ਈ:) ਨੂੰ ਅੰਮ੍ਰਿਤ ਵੇਲੇ ਮਾਤਾ ਦਇਆ ਕੌਰ ਜੀ ਦੀ ਪਾਵਨ ਕੁੱਖੋਂ ਬਾਬਾ ਹਰਿਦਾਸ ਜੀ ਦੇ ਘਰ ਡੱਬੀ ਬਾਜ਼ਾਰ, ਚੂਨਾ ਮੰਡੀ, ਲਾਹੌਰ ਵਿਖੇ ਹੋਇਆ। ਬਾਬਾ ਹਰਿਦਾਸ ਜੀ ਦਾ ਨਾਂ ਬਾਣੀ 'ਚ ਅਉਂਦਾ ਹੈ:

ਕਵਿ ਕਲ ਠਕੁਰ ਹਰਦਾਸ ਤਨੇ<br>
ਗੁਰ ਰਾਮਦਾਸ ਸਰ ਅਭਰ ਭਰੇ ॥੪॥



ਮਾਤਾ-ਪਿਤਾ ਨੇ ਪੁੱਤਰ ਦਾ ਨਾਂ ਰਾਮਦਾਸ ਹੀ ਰੱਖਿਆ ਸੀ ਪਿਤਾ ਦਾ ਨਾਮ 'ਹਰਦਾਸ' ਹੋਣਾ ਹੀ ਸਬੂਤ ਆ ਹਰਦਾਸ ਰਾਮਦਾਸ ਨਾਮ ਰਲਦੇ ਹਨ। ਦੂਜੀ ਗੱਲ ਗੁਰੂ ਰਾਮਦਾਸ ਜੀ ਦੀ ਮਹਿਮਾ 'ਚ ਭਟ ਸਾਹਿਬਾਨ ਦੇ ਸੱਠ ਸਵਯੇ ਹਨ। ਵਾਰ ਵਾਰ ਰਾਮਦਾਸ ਹੀ ਆਉਂਦਾ ਹੈ, ਹਾਂ ਪਹਿਲਾ ਪੁੱਤਰ ਹੋਣ ਕਰਕੇ ਸਾਰੇ 'ਜੇਠਾ' ਕਹਿ ਅਵਾਜ ਮਾਰਦੇ ਇਸ ਲਈ ਬਚਪਨ ਦਾ ਨਾਮ ਜੇਠਾ ਪ੍ਰਚਲਿਤ ਹੋ ਗਿਆ। ਅਜੇ 5 ਕੁ ਸਾਲ ਦੇ ਸੀ ਜਦੋਂ ਮਾਤਾ ਜੀ ਚਲਾਣਾ ਕਰ ਗਏ, 7 ਸਾਲ ਦੇ ਹੋਏ ਤਾਂ ਪਿਤਾ ਦਾ ਸਾਇਆ ਵੀ ਸਿਰੋਂ ਉਠ ਗਿਆ। ਇੱਕ ਦੋ ਲਿਖਤਾਂ 'ਚ ਭੈਣ-ਭਰਾ ਦਾ ਵੀ ਜ਼ਿਕਰ ਆਇਆ ਹੈ, ਸਿਰਫ ਦੋ ਸਾਲ ਦੇ ਸੀ ਜਦੋਂ ਮਾਤਾ ਜੀ ਚਲਾਣਾ ਕਰ ਗਏ ਗੀ, ਸੋ ਇਸ ਹਿਸਾਬ ਨਾਲ ਭੈਣ-ਭਰਾ ਨਹੀਂ ਸੀ।

ਬਾਬਾ ਹਰਦਾਸ ਜੀ ਦਾ ਵਿਆਹ ਬਾਸਰਕੇ ਪਿੰਡ ਹੋਇਆ ਸੀ, ਜੋ ਹੁਣ ਅੰਮ੍ਰਿਤਸਰ ਸਾਹਿਬ 'ਚ ਪੈਂਦਾ ਹੈ ਭਾਵ ਚੌਥੇ ਪਾਤਸ਼ਾਹ ਦਾ ਏਹ ਨਾਨਕਾ ਪਿੰਡ ਸੀ। ਦੋਹਤੇ ਨੂੰ ਅਨਾਥ ਹੋਇਆ ਵੇਖ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ। ਨਾਨਕੇ ਪਰਿਵਾਰ ਦੀ ਮਾਲੀ ਹਾਲਤ ਵੀ ਕੋਈ ਚੰਗੀ ਨਹੀਂ ਸੀ, ਜਿਸ ਕਰਕੇ ਬਚਪਨ ਚ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ। ਨਾਨੀ ਜੀ ਘੁੰਗਣੀਆਂ ਤਿਆਰ ਕਰ ਦਿੰਦੀ ਤੇ ਭਾਈ ਜੇਠਾ ਜੀ ਸਾਰਾ ਦਿਨ ਫਿਰ ਤੁਰ ਕੇ ਵੇਚਦੇ। ਸ਼ਾਮ ਨੂੰ ਜੇਹੜੇ 4 ਪੈਸੇ ਹੋਣੇ, ਨਾਨੀ ਦੇ ਹੱਥ ਰੱਖ ਦੇਣੇ। ਬਾਸਰਕੇ ਤੀਜੇ ਪਾਤਸ਼ਾਹ ਬਾਬਾ ਅਮਰਦਾਸ ਜੀ ਦਾ ਜੱਦੀ ਪਿੰਡ ਹੈ ਇੱਥੇ ਰਹਿੰਦਿਆਂ ਉਨ੍ਹਾਂ ਦੇ ਨਾਲ ਵੀ ਕਈ ਅਰ ਮਿਲਾਪ ਹੋਇਆ। ਗੁਰੂ ਰਾਮਦਾਸ ਮਹਾਰਾਜ ਖੁਦ ਕਹਿੰਦੇ ਹਨ , ਗੁਰੂ ਸਾਹਿਬ ਮੇਰੇ ਬਚਪਨ ਤੋਂ ਮੇਰੇ ਮਿਤਰ ਨੇ ਮੇਰੇ ਸਾਥੀ ਨੇ:

ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥<br>
ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥(ਅੰਗ ੯੪)

ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਦੇ ਹੁਕਮ ਨਾਲ ਪਹਿਲਾਂ ਗੋਇੰਦਵਾਲ ਪਿੰਡ ਵਸਾਇਆ ਫੇਰ ਜਦੋਂ ਗੁਰਤਾਗੱਦੀ ਮਿਲੀ ਤਾਂ ਏਥੇ ਸਿੱਖ ਇਤਿਹਾਸ ਦੀ ਪਹਿਲੀ ਬਾਉਲੀ ਸਾਹਿਬ ਦੀ ਉਸਾਰੀ ਸ਼ੁਰੂ ਕਰਵਾਈ ਤਾਂ ਭਾਈ ਜੇਠਾ ਜੀ ਵੀ ਗੋਇੰਦਵਾਲ ਆ ਗਏ, ਉਥੇ ਆਪਣੀ ਕਿਰਤ ਕਰਦਿਆਂ ਕੁਝ ਸਮਾਂ ਘੁੰਗਣੀਆਂ ਵੇਚਦੇ ਤੇ ਬਾਕੀ ਸਮਾਂ ਟੋਕਰੀ ਫੜ ਕੇ ਬਾਉਲੀ ਦੀ ਸੇਵਾ ਕਰਨੀ ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਲਾਇਕ ਜਾਣ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਰਿਸ਼ਤਾ ਕਰ ਦਿੱਤਾ । ਸਮੇਂ ਨਾਲ ਘਰ 'ਚ ਤਿੰਨ ਪੁੱਤਰਾਂ ਦਾ ਜਨਮ: ਵੱਡੇ ਬਾਬਾ ਪ੍ਰਿੰਥੀਚੰਦ, ਛੋਟੇ ਬਾਬਾ ਮਹਾਂਦੇਵ ਸਭ ਤੋਂ ਛੋਟੇ (ਗੁਰੂ)ਅਰਜਨ ਦੇਵ ਜੀ।

ਚਾਹੇ ਗੁਰੂ ਸਾਹਿਬ ਨਾਲ ਸਹੁਰੇ ਜਵਾਈ ਵਾਲਾ ਰਿਸ਼ਤਾ ਜੁੜ ਗਿਆ, ਪਰ ਫਿਰ ਵੀ ਨਿਮਰਤਾ ਧਾਰ ਕੇ ਦਿਨ ਰਾਤ ਸੇਵਾ 'ਚ ਤਤਪਰ ਰਹਿੰਦੇ। ਕਦੇ ਸੇਵਾ ਦਾ ਹੰਕਾਰ ਨਹੀਂ, ਕਦੇ ਕਿਸੇ ਗੱਲ ਦਾ ਗਿਲਾ ਨਹੀਂ ਕੀਤਾ, ਕਦੇ ਗੁਰੂ ਦਾ ਹੁਕਮ ਨਹੀਂ ਮੋੜਿਆ, ਜਿਥੇ ਭੇਜਿਆ ਉਥੇ ਗਏ। ਜਦੋਂ ਗੁਰੂ ਸਾਹਿਬ ਵਿਰੁੱਧ ਸ਼ਿਕਾਇਤਾਂ ਹੋਈਆਂ ਤਾਂ ਗੁਰੂ ਅਮਰਦਾਸ ਜੀ ਨੇ ਰਾਮਦਾਸ ਜੀ ਨੂੰ ਹੀ ਜਵਾਬ ਦੇਣ ਲਈ ਲਾਹੌਰ ਦਰਬਾਰ ਭੇਜਿਆ। ਜਿਥੇ ਜਾ ਕੇ ਕਾਜ਼ੀਆਂ ਪੰਡਿਤਾਂ ਨੂੰ ਨਿਰੁਤਰ ਕੀਤਾ। ਇਸ ਸੇਵਾ ਭਾਵ ਤੋਂ ਪ੍ਰਸੰਨ ਹੋ ਕੇ ਗੁਰੂ ਅਮਰਦਾਸ ਜੀ ਨੇ ਗੁਰਤਾਗੱਦੀ ਬਖਸ਼ਿਸ਼ ਕੀਤੀ। ਗੁਰੂ ਸਾਹਿਬ ਦੀ ਏਨੀ ਵੱਡੀ ਬਖਸ਼ਿਸ਼ ਦੇਖ ਨਿਮਰਤਾ 'ਚ ਬੇਨਤੀ ਕੀਤੀ ਸਤਿਗੁਰੂ ਤੁਸੀ ਤਾਂ ਜਾਣਦੇ ਹੋ ਕਿ ਜਦੋਂ ਮੈਂ ਲਾਹੌਰ ਦੀਆਂ ਗਲੀਆਂ 'ਚ ਕੱਖਾਂ ਵਾਂਗ ਰੁਲਦਾ ਫਿਰਦਾ ਸੀ ਤਾਂ ਕੋਈ ਮੇਰਾ ਹਾਲ ਪੁੱਛਣ ਵਾਲਾ ਵੀ ਨਹੀ ਸੀ ਤੇ ਆਪ ਨੇ ਅੱਜ ਤਖਤਾਂ 'ਤੇ ਬਿਰਾਜਮਾਨ ਕਰ ਦਿੱਤਾ ।

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ<br>
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥<br>
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ<br>
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥<br>
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ<br>
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥ (ਅੰਗ ੧੬੭)

ਗੁਰੂ ਰਾਮਦਾਸ ਜੀ ਨੇ ਤੀਜੇ ਗੁਰਦੇਵ ਦੇ ਹੁਕਮਾਂ ਨਾਲ ਹੀ ਨਵੇਂ ਨਗਰ ਅੰਮ੍ਰਿਤਸਰ ਦੀ ਉਸਾਰੀ ਸ਼ੁਰੂ ਕੀਤੀ, ਨਾਲ ਹੀ ਸਰੋਵਰ ਦੀ ਪੁਟਾਈ ਸ਼ੁਰੂ ਕਰਵਾਈ। ਗੁਰੂ ਅਮਰਦਾਸ ਜੀ ਨੇ ਪ੍ਰਚਾਰ ਲਈ ਬਾਈ ਮੰਜੀਆਂ ਸਥਾਪਿਤ ਕੀਤੀਆਂ। ਗੁਰੂ ਰਾਮਦਾਸ ਜੀ ਨੇ ਸਿੱਖੀ ਪ੍ਰਚਾਰ ਦੇ ਲਈ ਤੇ ਦਸਵੰਧ ਭੇਟਾ ਦੇ ਲਈ ਮਸੰਦ ਪ੍ਰਥਾ ਦੀ ਆਰੰਭਤਾ ਕੀਤੀ। ਦੂਰੋਂ ਦੂਰੋਂ ਲਿਆ ਕੇ 52 ਕਿਸਮਾਂ ਦੇ ਵੱਖ ਵੱਖ ਕਿੱਤਾਕਾਰਾਂ ਨੂੰ ਅੰਮ੍ਰਿਤਸਰ ਸਾਹਿਬ ਨਗਰ 'ਚ ਵਸਾਇਆ।

ਭਾਈ ਸੋਮੇ ਵਰਗੇ ਅਨੇਕਾਂ ਰੁਲਦਿਆਂ ਖੁਲਦਿਆਂ ਨੂੰ ਸ਼ਾਹ ਬਣਾ ਦਿੱਤਾ। ਬਾਬੇ ਆਦਮ ਵਰਗਿਆਂ ਦੀ ਬਜ਼ੁਰਗ ਉਮਰ 'ਚ ਵੀ ਸੰਸਾਰ ਨਾਲ ਗੰਢ ਪਵਾ ਦਿੱਤੀ। ਨਿਮਰਤਾ ਏਨੀ ਕੇ ਬਾਬਾ ਸਿਰੀ ਚੰਦ ਜੀ ਵਰਗੇ ਪੁਰਖ ਜੋ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਸਮੇਂ ਦੂਰ ਰਹੇ, ਉਹ ਵੀ ਗੁਰੂ ਰਾਮਦਾਸ ਜੀ ਦੇ ਦਰ ਆ ਜੁੜੇ। ਏਸੇ ਕਰਕੇ ਭੱਟ ਸਾਹਿਬਾਨ ਨੇ ਸਭ ਤੋਂ ਵੱਧ ਪੂਰੇ 60 ਸਵੱਈਏ ਚੌਥੇ ਪਾਤਸ਼ਾਹ ਦੀ ਮਹਿਮਾ 'ਚ ਉਚਾਰੇ।

ਇੱਕ ਸਵਯਾ ਜੋ ਸੰਗਤ 'ਚ ਆਪ ਪ੍ਰਚਲਿਤ ਹੈ:

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ<br>
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥<br>
ਮਾਯਾ ਮੋਹ ਭਰਮ ਪੈ ਭੂਲੇ<br>
ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥<br>
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ<br>
ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥<br>
ਇਕ ਅਰਦਾਸਿ ਭਾਟ ਕੀਰਤਿ ਕੀ<br>
ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥<br>
(ਅੰਗ ੧੪੦੬)

ਸਤਿਗੁਰਾਂ ਨੇ ਆਪ ਵੀ ਬਹੁਤ ਸਾਰੀ ਇਲਾਹੀ ਬਾਣੀ ਉਚਾਰਨ ਕੀਤੀ ਜੋ 30 ਰਾਗਾਂ 'ਚ ਦਰਜ ਹੈ। ਲਾਵਾਂ ਤੇ ਘੋੜੀਆਂ ਗੁਰੂ ਜੀ ਦੀਆਂ ਪ੍ਰਸਿੱਧ ਬਾਣੀਆਂ ਹਨ।

ਇੱਕ ਵਾਰ ਸਿੱਖਾਂ ਨੇ ਬੇਨਤੀ ਕੀਤੀ ਮਹਾਰਾਜ ! ਸਿੱਖ ਨਿਤ ਕਰਮ ਸੰਖੇਪ ਰੂਪ 'ਚ ਦੱਸੋ ਤਾਂ ਕਿ ਅਸੀ ਸਿੱਖੀ ਦੀ ਕਮਾਈ ਕਰ ਕੇ ਆਪ ਦੀ ਖੁਸ਼ੀ ਲੈ ਸਕੀਏ !

ਗੁਰੂ ਰਾਮਦਾਸ ਮਹਾਰਾਜ ਨੇ ਸਲੋਕ ਉਚਾਰਿਆ:

ਮ ੪ ॥<br>
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥<br>
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥<br>
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥<br>
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥<br>
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥<br>
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥<br>
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥( ਅੰਗ ੩੦੫)

ਬਾਬਾ ਸੱਤਾ ਬਲਵੰਡ ਜੀ ਬਚਨ ਕਰਦੇ ਹਨ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥<br>
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥(ਅੰਗ ੯੬੮)

ਸੋਢੀ ਸੁਲਤਾਨ ਚੌਥੇ ਗੁਰਦੇਵ ਸਤਿਗੁਰੂ ਰਾਮਦਾਸ ਸੱਚੇ ਪਾਤਸ਼ਾਹ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਾਰਿਆਂ ਨੂੰ ਲੱਖ ਲੱਖ ਵਧਾਈਆਂ ਹੋਣ ਜੀ !

**ਮੇਜਰ ਸਿੰਘ, ਉਪ ਸੰਪਾਦਕ**

# ਸ੍ਰੀ ਗੁਰੂ ਰਾਮਦਾਸ ਜੀ ਦਾ ਸਿੱਖ ਕੌਮ ਦੀ ਉਸਾਰੀ ਵਿਚ ਯੋਗਦਾਨ

**-ਡਾ. ਇੰਦਰਜੀਤ ਸਿੰਘ ਵਾਸੂ**

**ਸਫ਼ਾ 2 ਦੀ ਬਾਕੀ**

ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਸਤਿਗੁਰੂ ਲਈ ਸੱਚੇ ਪਾਤਸ਼ਾਹ ਵਿਸ਼ੇਸ਼ਣ ਦੀ ਵਰਤੋਂ ਸ਼ੁਰੂ ਹੋ ਜਾਂਦੀ ਹੈ ਜੋ ਇਸ ਲਹਿਰ ਦੇ ਸਰਵੋਤਮ ਤੇ ਦੈਵੀ ਮਿਆਰ ਦੀ ਪ੍ਰਤੀਕ ਹੈ। ਗੁਰੂ ਦੀ ਪਦਵੀ ਨੂੰ ਦਿੱਤਾ ਇਹ ਰੁਤਬਾ ਸਿੱਖਾਂ ਦੇ ਮਨਾਂ ਵਿੱਚੋਂ ਦੁਨਿਆਵੀ ਪਾਤਸ਼ਾਹ ਦੇ ਰੋਹਬ ਤੇ ਦਬਦਬੇ ਨੂੰ ਨਿਰਾਰਥਕ ਕਰਦਾ ਹੈ। ਇਸ ਤਰ੍ਹਾਂ ਗੁਰੂ ਜੀ ਦੀ ਨਿਰਭੈਅ ਪ੍ਰਭੂਤਾ ਨਾਲ ਸਿੱਖ ਧਰਮ ਨਿਰਭੈਅ ਸਮਾਜ ਦੀ ਉਸਾਰੀ ਵੱਲ ਕਦਮ ਪੁੱਟਦਾ ਹੈ।

**ਨਿਸ਼ਕਾਮ ਲੋਕ ਸੇਵਾ:** ਨਿਸ਼ਕਾਮ ਲੋਕ-ਸੇਵਾ ਮਨੁੱਖੀ ਸ਼ਖ਼ਸੀਅਤ ਨੂੰ ਹਰਮਨ ਪਿਆਰਾ ਬਣਾਉਂਦੀ ਹੈ ਤੇ ਸਾਰੇ ਸੁੱਖਾਂ ਦਾ ਸੋਮਾ ਹੋ ਨਿੱਬੜਦੀ ਹੈ। ਇਹ ਮਨੁੱਖ ਨੂੰ ਪਵਿੱਤਰ ਬਣਾਉਂਦੀ ਹੈ ਤੇ ਸਤਿਗੁਰਾਂ ਦੀ ਪ੍ਰਸੰਨਤਾ ਦੀ ਪ੍ਰਾਪਤੀ ਦਾ ਵਸੀਲਾ ਹੈ ਜਿਵੇਂ:

-ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ ॥ (ਅੰਗ ੮੬੧)<br>
-ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥<br>
ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥ (ਅੰਗ ੩੧੪

**ਸਿੱਖ ਆਚਾਰ ਨੀਤੀ ਦਾ ਨਿਰਮਾਣ:** ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸਿੱਖ ਧਰਮ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਸੀ। ਹੁਣ ਇਸ ਧਰਮ ਦੀ ਜੀਵਨ-ਜਾਚ ਨਿਸ਼ਚਿਤ ਕਰਨ ਦੀ ਲੋੜ ਸੀ। ਗੁਰੂ ਜੀ ਨੇ ਸਿੱਖਾਂ ਲਈ ਇਕ ਆਚਾਰ ਨੀਤੀ ਤਿਆਰ ਕੀਤੀ। ਸਿੱਖ ਨੂੰ ਅੰਮ੍ਰਿਤ ਵੇਲੇ ਉੱਠਣ, ਇਸ਼ਨਾਨ ਕਰਨ, ਨਾਮ ਸਿਮਰਨ ਕਰਨ, ਗੁਰਬਾਣੀ ਗਾਇਨ ਤੇ ਪ੍ਰਭੂ ਦੇ ਹਰ ਵੇਲੇ ਨਾਮ ਜਪਣ ਦੀ ਮਨੋਵਿਗਿਆਨਕ ਵਿਧੀ ਨੂੰ ਅਪਣਾਉਣ ਦੀ ਪੇ੍ਰਰਨਾ ਕੀਤੀ ਤਾਂਕਿ ਉਹ ਪਵਿੱਤਰ ਜੀਵਨ ਜੀਅ ਸਕਣ। ਜਿਵੇਂ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥<br>
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ (ਅੰਗ ੩੦੫)

ਸਿੱਖਾਂ ਦੀ ਵਿਆਹ-ਸੰਸਥਾ ਦੇ ਸਬੰਧ ਵਿਚ ਸੂਹੀ ਰਾਗ ਵਿਚ ਲਾਂਵਾਂ-ਫੇਰਿਆਂ ਨਾਲ ਸੰਬੰਧਿਤ ਸ਼ਬਦ ਉਚਾਰੇ ਗਏ ਜਿਨ੍ਹਾਂ ਵਿਚ ਲੋਕ-ਪ੍ਰਲੋਕ ਦੀ ਖੁਸ਼ਹਾਲੀ ਨੂੰ ਸਾਹਵੇਂ ਰੱਖ ਕੇ ਸ਼ਬਦਾਂ ਦੀ ਰਚਨਾ ਕੀਤੀ ਗਈ ਜਿਨ੍ਹਾਂ ਵਿਚ ਪਹਿਲੀ ਲਾਵ ਇਸ ਤੁਕ ਨਾਲ ਅਰੰਭ ਹੁੰਦੀ ਹੈ:

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥<br>
(ਅੰਗ ੭੭੩)

**ਸਤਿਗੁਰੂ ਦੀ ਸਰਬਪੱਖੀ ਅਗਵਾਈ:** ਮਨੁੱਖੀ ਸ਼ਖ਼ਸੀਅਤ ਦੀ ਪੁਨਰ-ਉਸਾਰੀ ਵਿਚ ਸਤਿਗੁਰ ਦੀ ਅਗਵਾਈ ਦਾ ਵਿਸ਼ੇਸ਼ ਮਹੱਤਵ ਹੈ। ਡਾ. ਸੁਰਜੀਤ ਹਾਂਸ (ਕਰਤਾ ਪੁਸਤਕ ਬਾਣੀ ਦਾ ਅਜੋਕੀ ਕਵਿਤਾ ਵਿਚ ਮਹੱਤਵ) ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਗੁਰੂ ਦੀ ਸੰਗਤ ਕਰਨ ਦਾ ਵਿਸ਼ਾ ਸ਼ਾਇਦ ਪਹਿਲੀ ਵਾਰ ਬਾਣੀ ਵਿਚ ਪ੍ਰਵੇਸ਼ ਕਰਦਾ ਹੈ ਕਿਉਂਕਿ ਉਸ ਵੇਲੇ ਸਿੱਖ ਧਾਰਮਿਕ ਜਾਗ੍ਰਿਤੀ ਦਾ ਅੰਦੋਲਨ ਬਲਵਾਨ ਹੋ ਰਿਹਾ ਸੀ। ਸਤਿਗੁਰਾਂ ਦੇ ਨਿਯੁਕਤ ਕੀਤੇ ਪ੍ਰਚਾਰਕਾਂ ਦੁਆਰਾ ਦਲਿਤ ਵਰਗ ਵਿੱਚੋਂ ਸਿੱਖੀ ਦੇ ਦਾਇਰੇ ਵਿਚ ਪ੍ਰਵੇਸ਼ ਕਰਨ ਵਾਲੇ ਨਵੇਂ ਸਿੱਖਾਂ ਵਿਚ ਗੁਰੂ ਪ੍ਰਤੀ ਸ਼ਰਧਾ ਤੇ ਅਨਿੰਨ ਭਗਤੀ ਦਾ ਮਾਦਾ ਹੋਣੀ ਕੁਦਰਤੀ ਸੀ। ਉਨ੍ਹਾਂ ਦੇ ਮਨ ਵਿਚ ਗੁਰੂ ਪ੍ਰਤੀ ਤਾਂਘ ਦਾ ਪ੍ਰਗਟਾਵਾ ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥ ਅਤੇ ਹਮਰੈ ਮਨਿ ਚਿਤਿ ਹਰਿ ਆਸ ਨਿਤ ਕਿਉ ਦੇਖਾ ਹਰਿ ਦਰਸੁ ਤੁਮਾਰਾ ॥ ਆਦਿ ਸ਼ਬਦਾਂ ਵਿਚ ਪ੍ਰਤੱਖ ਮਿਲਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਸਤਿਗੁਰ ਦੇ ਲੱਛਣ ਵੀ ਬਿਆਨ ਕੀਤੇ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਉਹੀ ਹਸਤੀ ਸਤਿਗੁਰ ਦੀ ਪਦਵੀ ਦਾ ਅਧਿਕਾਰ ਰੱਖਦੀ ਹੈ ਜਿਸ ਦੇ ਮਿਲਣ ਨਾਲ ਅਨੰਦ ਦੀ ਪ੍ਰਾਪਤੀ ਭਰਮ ਦਾ ਨਾਸ਼ ਤੇ ਉੱਚਤਮ ਆਤਮਿਕ ਬੁਲੰਦੀ ਦੀ ਦਸ਼ਾ ਪ੍ਰਾਪਤ ਹੋਵੇ। ਜਿਵੇਂ:

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥ (ਅੰਗ ੧੬੮)

**ਸਿੱਖ ਸੰਗਠਨ ਦੀ ਸੁਰੱਖਿਆ:** ਗੁਰੂ ਜੀ ਨੇ ਸਿੱਖ ਸੰਗਤ ਨੂੰ ਸਿੱਖ ਪੰਥ ਦੇ ਸੰਗਠਨ ਪ੍ਰਤੀ ਆ ਰਹੀਆਂ ਨਵੀਆਂ ਵੰਗਾਰਾਂ ਪ੍ਰਤੀ ਸੁਚੇਤ ਕੀਤਾ। ਮੀਣਾ ਸੰਪਰਦਾਇ ਨਾਲ ਸੰਬੰਧਿਤ ਬਾਬਾ ਪ੍ਰਿਥੀ ਚੰਦ ਤੇ ਉਨ੍ਹਾਂ ਦਾ ਬੇਟਾ ਮਿਹਰਬਾਨ 'ਨਾਨਕ ਛਾਪ' ਹੇਠ 'ਕੱਚੀ ਬਾਣੀ' ਰਚ ਕੇ ਸਿੱਖ ਸੰਗਤਾਂ ਵਿਚ ਜਿੱਥੇ ਭਰਮ-ਭੁਲੇਖੇ ਪਸਾਰ ਰਹੇ ਸਨ, ਉੱਥੇ ਨਾਲ ਹੀ ਸਿੱਖ ਪੰਥ ਦੇ ਖ਼ਿਲਾਫ ਸਰਕਾਰ ਨਾਲ ਸਾਜ਼ਬਾਜ਼ੀ ਵੀ ਕਰ ਰਹੇ ਸਨ। ਗੁਰੂ ਜੀ ਹੇਠ ਲਿਖੇ ਫੁਰਮਾਨ ਵਿਚ ਅਜਿਹੇ ਗੁਰੂ ਵਿਰੋਧੀਆਂ ਦੀ ਦੁਰਦਸ਼ਾ ਦਾ ਬਿਆਨ ਕਰਦੇ ਹਨ। ਜਿਵੇਂ:

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥<br>
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥<br>
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥ (ਅੰਗ ੩੦੪)

**ਅਰੋਗ ਸੱਭਿਆਚਾਰ ਦੀ ਉਸਾਰੀ:** ਤੰਦਰੁਸਤ ਸੱਭਿਆਚਾਰ ਦੀ ਉਸਾਰੀ ਲਈ ਆਪ ਨੇ ਨਿੰਦਾ ਚੁਗਲੀ ਦੀ ਨਿਖੇਧੀ ਕੀਤੀ ਕਿਉਂਕਿ ਇਹ ਆਦਤ ਸਮਾਜ ਵਿਚ ਜ਼ਹਿਰੀ ਵਾਤਾਵਰਨ ਉਸਾਰਨ ਵਿਚ ਮਦਦ ਕਰਦੀ ਹੈ। ਨਿੰਦਾ ਕਰਨ ਵਾਲਾ ਸਮਾਜ ਵਿਚ ਉੱਜਲੇ ਮੁਖ ਨਹੀਂ ਚੱਲ ਸਕਦਾ ਤੇ ਲੋਕਾਂ ਦਾ ਇਤਬਾਰ ਗੁਆ ਕੇ ਆਪਣੀ ਜ਼ਿੰਦਗੀ ਨੂੰ ਮਾਰੂਥਲ ਵਾਂਗ ਸੁੰਨਸਾਨ ਬਣਾ ਲੈਂਦਾ ਹੈ ਜਿਵੇਂ:

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥<br>
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥ (ਅੰਗ ੩੦੮)

ਤਤਕਾਲੀਨ ਸਮੇਂ ਵਿਚ ਦਾਜ ਵਿਖਾਣ ਦੀ ਰਸਮ ਬਹੁਤ ਪ੍ਰਚਲਿਤ ਸੀ। ਇਸ ਰਸਮ ਨੂੰ ਗੁਰੂ ਜੀ ਨੇ ਝੂਠ, ਹੰਕਾਰ ਤੇ ਪਖੰਡ ਦਾ ਪ੍ਰਤੀਕ ਦੱਸਿਆ ਗੁਰੂ ਜੀ ਦੇ ਵਿਚਾਰ ਅਨੁਸਾਰ ਵਿਆਂਹਦੜ ਲੜਕੀ ਲਈ ਪ੍ਰਭੂ ਦਾ ਨਾਮ ਹੀ ਵੱਡਾ ਤੋਹਫਾ ਤੇ ਦਾਜ ਦਾ ਸਮਾਨ ਹੈ ਜਿਵੇਂ:

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥<br>
ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ (ਅੰਗ ੭੯)

ਸ੍ਰੀ ਗੁਰੂ ਰਾਮਦਾਸ ਜੀ ਨੇ ਅਰੋਗ ਸੱਭਿਆਚਾਰ ਦੀ ਉਸਾਰੀ ਲਈ ਵਰਗ ਰਹਿਤ ਸਮਾਜ ਦੀ ਉਸਾਰੀ ਨੂੰ ਪ੍ਰਮੁੱਖ ਲੋੜ ਦੱਸਿਆ। ਗੁਰੂ ਜੀ ਅਨੁਸਾਰ ਚਾਰੇ ਜਾਤਾਂ ਵਿੱਚੋਂ ਕੋਈ ਵੀ ਵਿਅਕਤੀ ਪ੍ਰਭੂ ਦਾ ਨਾਮ ਜਪ ਕੇ ਉੱਤਮ ਪਦਵੀ ਪ੍ਰਾਪਤ ਕਰ ਸਕਦਾ ਜਿਵੇ:

ਬ੍ਰਾਹਮਣੁ ਖਤ੍ਰੀ ਸੂਦ ਵੈਸ ਚਾਰਿ ਵਰਨ ਚਾਰਿ ਆਸ੍ਰਮ ਹਹਿ ਜੋ ਹਰਿ ਧਿਆਵੈ ਸੋ ਪਰਧਾਨੁ ॥ (ਅੰਗ ੮੬੧

ਸਾਰ:- ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਕੌਮ ਦੀ ਉਸਾਰੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਉਨ੍ਹਾਂ ਨੇ ਆਪਣੇ ਵੇਲੇ ਦੀਆਂ ਸੰਗਤਾਂ ਨੂੰ ਕੁਰਬਾਨੀ, ਸੇਵਾ, ਆਤਮ ਸਮਰਪਨ, ਨਿਰਭੈਤਾ, ਪ੍ਰਭੂ-ਨਦਰ ਤੇ ਆਸ਼ਵਾਦ ਤੇ ਗੁਣ ਪ੍ਰਦਾਨ ਕੀਤੇ, ਜਿਨ੍ਹਾਂ ਨਾਲ ਪੰਜਾਬ ਵਾਸੀਆਂ ਵਿਚ ਗਤੀਸ਼ੀਲਤਾ, ਕਰਮਸ਼ੀਲਤਾ, ਸੰਘਰਸ਼ਸ਼ੀਲਤਾ ਆਦਿ ਸਿਰਜਨਾਤਮਿਕ ਪ੍ਰਵਿਰਤੀਆਂ ਦੀ ਉਤਪਤੀ ਹੋਈ। ਗੁਰੂ ਜੀ ਨੇ ਸਿੱਖ ਸੰਸਥਾਵਾਂ ਦੇ ਉਭਰਨ ਤੇ ਵਿਗਸਣ ਲਈ ਸਿੱਖਾਂ ਲਈ ਵਿਸ਼ੇਸ਼ ਜੀਵਨ-ਜਾਚ ਦੀ ਰੂਪ ਰੇਖਾ ਪੇਸ਼ ਕੀਤੀ।

ਗੁਰਬਾਣੀ ਦੇ ਮੂਲ ਸਰੂਪ ਨੂੰ ਵਿਗਾੜਨ ਵਾਲੀਆਂ, ਪੰਥ ਦੋਖੀਆਂ ਦੀਆਂ ਕੋਸ਼ਿਸ਼ਾਂ ਨੂੰ ਵਿਫਲ ਕਰਨ ਦੇ ਉਪਰਾਲੇ ਕੀਤੇ। ਅਰੋਗ ਸੱਭਿਆਚਾਰ ਦੀ ਉਸਾਰੀ ਲਈ ਵਰਗ-ਰਹਿਤ ਪ੍ਰਣਾਲੀ ਨੂੰ ਆਧਾਰ ਬਣਾਉਣ ਦੀ ਪ੍ਰੇਰਨਾ ਕੀਤੀ। ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ ਦਸਤਕਾਰੀ ਦਾ ਕੰਮ ਪ੍ਰਚਲਿਤ ਕਰਵਾਇਆ ਜਿਸ ਨਾਲ ਪੰਜਾਬ ਨੇ ਪੇਸ਼ਿਆਂ ਦੀ ਮੁਹਾਰਤ ਵਾਲੀ ਨਵੀਂ ਸੱਭਿਅਤਾ ਦੇ ਨਿਰਮਾਣ ਵਲ ਕਦਮ ਪੁੱਟਿਆ। ਗੁਰੂ ਜੀ ਦੀ ਬਾਣੀ ਤੇ ਜੀਵਨ ਅਮਲ ਜਿੱਥੇ ਸਿੱਖ ਧਰਮ ਦੀ ਨਿਆਰੀ ਹਸਤੀ ਤੇ ਨਿਆਰੇ ਸਰੂਪ ਦੇ ਪ੍ਰਤੀਕ ਹਨ, ਉੱਥੇ ਇਹ ਸਿੱਖ ਕੌਮ ਦੀ ਉਸਾਰੀ ਵਿਚ ਨਵੇਂ ਮੀਲ-ਪੱਥਰ ਵੀ ਹਨ।

# ਭੱਟ ਸਾਹਿਬਾਨ ਦੀ ਨਜ਼ਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ

ਸ. ਹਰਵਿੰਦਰ ਸਿੰਘ

ਭੱਟ ਸਾਹਿਬਾਨ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨਿੱਖੜਵਾਂ ਅੰਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿੱਥੇ ੬ ਗੁਰੂ ਸਾਹਿਬਾਨ, ੧੫ ਭਗਤ ਸਾਹਿਬਾਨ ਅਤੇ ਗੁਰਸਿੱਖਾਂ ਦੀ ਬਾਣੀ ਦਰਜ ਹੈ, ਉੱਥੇ ਹੀ ੧੧ ਭੱਟ ਸਾਹਿਬਾਨ ਦੀ ਬਾਣੀ ਨੂੰ ਵੀ ਗੁਰਬਾਣੀ ਦਾ ਦਰਜਾ ਪ੍ਰਾਪਤ ਹੋਇਆ ਹੈ। ਭੱਟ ਸਾਹਿਬਾਨ ਦੀ ਬਾਣੀ ਰਾਹੀਂ ਗੁਰ ਇਤਿਹਾਸ ਅਤੇ ਸਿਧਾਂਤ ਬਾਰੇ ਜਾਣਕਾਰੀ ਮਿਲਦੀ ਹੈ। ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਕਿਧਰੇ ਵੀ ਆਪਣੇ ਨਿੱਜੀ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ। ਗੁਰੂ ਸਾਹਿਬਾਨ ਦੇ ਬਾਰੇ ਸਾਨੂੰ ਜੋ ਜਾਣਕਾਰੀ ਮਿਲਦੀ ਹੈ ਉਸ ਵਿਚ ਭੱਟ ਸਾਹਿਬਾਨ ਦਾ ਮਹਾਨ ਯੋਗਦਾਨ ਹੈ ਅਤੇ ਇਨ੍ਹਾਂ ਵੱਲੋਂ ਗੁਰੂ ਸਾਹਿਬਾਨ ਦੇ ਪਰਵਾਰ ਜਾਂ ਕੁਲ ਬਾਰੇ ਜੋ ਜਾਣਕਾਰੀ ਮਿਲਦੀ ਹੈ ਉਹ ਪ੍ਰਮਾਣਿਕ ਸਬੂਤ ਹਨ। ਭੱਟ ਸਾਹਿਬਾਨ ਅਧਿਆਤਮਕ ਗਿਆਨ ਦੇ ਜਗਿਆਸੂ ਸਨ ਤੇ ਇੱਧਰ-ਉੱਧਰ ਭਟਕ ਰਹੇ ਸਨ। ਇਸ ਇੱਛਾ ਦੀ ਪੂਰਤੀ ਲਈ ਉਹ ਕਈ ਸਾਧੂ-ਸੰਤਾਂ ਤੇ ਰਿਸ਼ੀਆਂ-ਮੁਨੀਆਂ ਪਾਸ ਗਏ, ਪਰ ਉਨ੍ਹਾਂ ਦੀ ਕਿਤੋਂ ਵੀ ਤ੍ਰਿਪਤੀ ਨਹੀਂ ਹੋਈ ਗੁਰੂ-ਦਰਬਾਰ ਵਿਚ ਆ ਕੇ ਉਨ੍ਹਾਂ ਦੀ ਜਗਿਆਸਾ ਪੂਰਨ ਹੋਈ ਅਤੇ ਇਸ ਖ਼ੁਸ਼ੀ ਵਿਚ ਉਨ੍ਹਾਂ ਪ੍ਰੇਮ ਤੇ ਸ਼ਰਧਾ ਵੱਸ ਪੰਜ ਗੁਰੂ ਸਾਹਿਬਾਨ ਦੀ ਉਸਤਤ ਵਿਚ ੧੨੩ ਸਵਈਏ ਉਚਾਰਨ ਕੀਤੇ। ਜਿਨ੍ਹਾਂ ਵਿੱਚੋਂ ੬੦ ਸਵਈਏ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ ਉਚਾਰੇ ਗਏ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭੱਟਾਂ ਨੂੰ ਉਸਤਤ ਪੜ੍ਹਨ ਵਾਲਾ ਕਵੀ, ਰਾਜ ਦਰਬਾਰ ਵਿਚ ਰਾਜੇ, ਯੋਧਿਆਂ ਦਾ ਯਸ਼ ਕਹਿਣ ਵਾਲਾ ਅਤੇ ਵੇਦ ਗਿਆਤਾ ਪੰਡਤ ਦੱਸਿਆ ਗਿਆ ਹੈ। ਇਨਸਾਈਕਲੋਪੀਡੀਆ ਆਫ ਸਿੱਖਇਜ਼ਮ ਵਿਚ ਭੱਟ ਸਾਹਿਬਾਨ ਨੂੰ ਉਸਤਤ ਪਾਠ ਕਰਨ ਵਾਲੇ, ਬਹਾਦਰਾਂ ਤੇ ਰਾਜਿਆਂ ਦੀ ਮਹਿਮਾ ਗਾਉਣ ਵਾਲੇ ਵਿਦਵਾਨ ਬ੍ਰਾਹਮਣਾਂ ਦੇ ਰੂਪ ਵਿਚ ਬਿਆਨ ਕੀਤਾ ਗਿਆ ਹੈ। ਸਿੱਖ ਰਵਾਇਤਾਂ ਮੁਤਾਬਿਕ ਭੱਟ ਉਹ ਕਵੀ ਸਨ, ਜਿਨ੍ਹਾਂ ਨੇ ਆਪਣੇ ਨਿੱਜੀ ਤਜਰਬੇ ਅਤੇ ਅਨੁਭਵ ਰਾਹੀਂ ਗੁਰੂ ਸਾਹਿਬਾਨ ਦੇ ਦੈਵੀ ਸਰੂਪ ਤੇ ਪਰਮ-ਜੋਤ ਦੀ ਮਹਿਮਾ ਗਾਇਨ ਕੀਤੀ ਹੈ।

'ਸਵਈਏ ਮਹਲੇ ਚਉਥੇ ਕੇ ੪' ਸਿਰਲੇਖ ਅਧੀਨ ਭੱਟ ਸਾਹਿਬਾਨ ਦੇ ਕੁੱਲ ੬੦ ਸਵਈਏ ਦਰਜ ਹਨ। 'ਭੱਟ ਸਾਹਿਬਾਨ ਦੀ ਬਾਣੀ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਕਿਸੇ ਵੀ ਗੁਰੂ ਦੀ ਵਡਿਆਈ ਕਰਦੇ ਹੋਏ ਉਸ ਗੁਰੂ ਦੀ ਜੋਤ ਦਾ ਸਿਲਸਿਲਾ ਪਹਿਲੇ ਗੁਰੂ ਸਾਹਿਬਾਨ ਨਾਲ ਜੋੜਦੇ ਹਨ ਅਤੇ ਇਸ ਤਰ੍ਹਾਂ ਗੁਰੂ ਸਾਹਿਬਾਨ ਨੂੰ ਇੱਕੋ ਜੋਤ ਦਾ ਰੂਪ ਦੱਸਣ ਵਾਲੇ ਸਭ ਤੋਂ ਪਹਿਲੇ ਵਿਆਖਿਆਕਾਰਾਂ ਵਿਚ ਸ਼ਾਮਲ ਹੁੰਦੇ ਹਨ'। ਸਭ ਤੋਂ ਪਹਿਲਾਂ ਭੱਟ ਕਲਸਹਾਰ ਅਕਾਲ ਪੁਰਖ ਦਾ ਮੰਗਲਾਚਰਨ ਕਰਨ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੂੰ ਬੇਨਤੀ ਕਰਦੇ ਹਨ ਕਿ ਕਰਤਾ ਪੁਰਖ ਦੇ ਗੁਣ ਗਾਉਂਦਿਆਂ ਮੇਰੇ ਮਨ ਵਿਚ ਖੇੜਾ ਬਣਿਆ ਰਹੇ। ਸਤਿਗੁਰੂ ਆਪਣੇ ਦਾਸ ਦੀ ਇਹ ਆਸ ਪੂਰੀ ਕਰੋ:

ਗੁਨ ਗਾਵਤ ਮਨਿ ਹੋਇ ਬਿਗਾਸਾ ॥
ਸਤਿਗੁਰ ਪੂਰਿ ਜਨਹ ਕੀ ਆਸਾ ॥ (ਅੰਗ ੧੩੯੬)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਕਰਦੇ ਹੋਏ ਅਦ੍ਰਿਸ਼ਟ ਵਾਹਿਗੁਰੂ ਨੂੰ ਸੇਵ ਕੇ ਸਹਿਜ ਪਦ ਪ੍ਰਾਪਤ ਕਰ ਲਿਆ ਤੇ ਉਨ੍ਹਾਂ ਨੂੰ ਮਿਲਿਆਂ ਦਰਿਦ੍ਰ ਛੋਹ ਨਹੀਂ ਸਕਦਾ। ਨਾਮ ਰੂਪੀ ਸ਼ਬਦ ਦੀ ਬਰਕਤ ਸਦਕਾ ਸਤ ਪੁਰਸ਼ਾਂ ਨੂੰ ਨਿਰਭੈ ਪਦ ਬਖਸ਼ਿਸ ਕਰ ਕੇ ਭਵ-ਸਾਗਰ ਤੋਂ ਪਾਰ ਕਰ ਦਿੰਦੇ ਹਨ। ਗੁਰੂ ਗਿਆਨ ਦੀ ਬਰਕਤ ਨਾਲ ਆਪ ਜੀ ਦਾ ਕਮਲ ਰੂਪੀ ਹਿਰਦਾ ਖਿੜ ਪਿਆ ਹੈ ਅਤੇ ਆਪ ਨੇ ਮਾਇਆ ਦੀ ਕਾਲਖ ਤੋਂ ਨਿਰਲੇਪ ਅਤੇ ਨਿਰਭਉ ਕਰਨ ਵਾਲੇ ਵਾਹਿਗੁਰੂ ਨੂੰ ਹਿਰਦੇ ਘਰ ਵਿੱਚੋਂ ਲੱਭ ਲਿਆ ਹੈ। ਜਿਸ ਨਾਮ ਵਿਚ ਲੱਗ ਕੇ ਆਦਿ ਤੋਂ ਹੋਏ ਭਗਤ ਜਨ ਤਰੇ ਹਨ, ਉਹ ਨਾਮ ਗੁਰੂ ਦੀ ਕਿਰਪਾ ਨਾਲ ਆਪ ਨੇ ਪਾ ਲਿਆ ਹੈ। ਨਾਮ ਦੇ ਸੋਮੇ ਸ੍ਰੀ ਗੁਰੂ ਰਾਮਦਾਸ ਜੀ ਨੇ ਜਗਿਆਸੂਆਂ ਦੇ ਸਰੋਵਰ ਰੂਪੀ ਖਾਲੀ ਹਿਰਦੇ ਅੰਮ੍ਰਿਤ ਨਾਮ ਨਾਲ ਭਰ ਦਿੱਤੇ ਹਨ:

ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥
ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥
ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥
ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥
ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ ॥
ਗੁਰ ਰਾਮਦਾਸ ਕਲ੍ਯ੍ਯੁਚਰੈ ਤੈ ਅਭੈ ਅਮਰ ਪਦੁ ਪਾਇਅਉ ॥(ਅੰਗ ੧੩੯੭)

ਆਪ ਜੀ ਦੀ ਰਸਨਾਂ ਤੋਂ ਅੰਮ੍ਰਿਤ-ਰਸ ਝਰਦਾ ਹੈ ਅਤੇ ਆਪ ਜੀ ਨੂੰ ਮਿਲਦਿਆਂ ਪਾਪ ਦੂਰ ਨੱਸ ਜਾਂਦੇ ਹਨ ਤੇ ਆਤਮਿਕ ਅਨੰਦ ਮਿਲਦਾ ਹੈ।

ਵਿਧਾਤੇ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਪ੍ਰਮਾਣਿਕ ਗੁਰੂ ਸਿਰਜਿਆ ਹੈ ਤੇ ਆਪ ਜੀ ਨੇ ਵਾਹਿਗੁਰੂ ਨਾਮ ਦੇ ਜਸ ਦਾ ਰਣਸਿੰਗਾ ਸੰਸਾਰ ਵਿਚ ਵਜਾਇਆ ਹੈ। ਗੁਰਮਤਿ ਮਾਤਾ ਦੇ ਸਮਾਨ ਅਤੇ ਸੰਤੋਖ ਪਿਤਾ ਸਮਾਨ ਹੈ। ਜੋਨਿ-ਰਹਿਤ ਅਤੇ ਪ੍ਰਕਾਸ਼ਮਾਨ ਬ੍ਰਹਮ ਗੁਰੂ ਜੀ ਦੇ ਹਿਰਦੇ ਵਿਚ ਸਮਾਇਆ ਹੈ, ਜਿਸ ਕਰ ਕੇ ਗੁਰੂ ਜੀ ਨੇ ਸਾਰੇ ਸੰਸਾਰ ਨੂੰ ਭਵ-ਸਾਗਰ ਤੋਂ ਤਾਰ ਦਿੱਤਾ ਹੈ। ਆਪ ਜੀ ਪਾਸ ਮਾਇਕੀ ਵਿਸ਼ਿਆਂ ਦੀ ਜ਼ਹਿਰ ਨੂੰ ਦੂਰ ਕਰਨ ਵਾਲੀ ਅੰਮ੍ਰਿਤ-ਬੂੰਦ ਹਰਿ ਦਾ ਨਾਮ ਹੈ। ਆਪ ਜੀ ਦੀ ਕਿਰਪਾ ਨਾਲ ਹੀ ਜਗਿਆਸੂ ਜੀਵਾਂ ਦੇ ਹਿਰਦੇ ਵਿਚ ਅਨਹਦ ਸ਼ਬਦ ਵੱਜ ਰਿਹਾ ਹੈ:

ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵ ਤਾਰਣੁ ॥
ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ ॥
ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥
ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥
ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ ॥
ਗੁਰ ਰਾਮਦਾਸ ਕਲ੍ਯ੍ਯੁਚਰੈ ਤੈ ਸਬਦ ਨੀਸਾਨੁ ਬਜਾਇਅਉ ॥ (ਅੰਗ ੧੩੯੬)

ਜਿਨ੍ਹਾਂ ਜੀਵਾਂ ਉੱਤੇ ਆਪ ਜੀ ਦੀ ਪ੍ਰਸੰਨਤਾ ਹੁੰਦੀ ਹੈ ਉਨ੍ਹਾਂ ਦੇ ਹਿਰਦੇ ਵਿਚ ਨਾਮ ਵੱਸ ਜਾਂਦਾ ਹੈ। ਉਹ ਜੀਵ ਸਮਦਰਸ਼ੀ ਬਣ ਜਾਂਦੇ ਹਨ, ਉਨ੍ਹਾਂ ਨੂੰ ਮਾਣ-ਅਪਮਾਨ ਵਿਚ ਕੋਈ ਫਰਕ ਨਜ਼ਰ ਨਹੀਂ ਆਉਂਦਾ। ਗੁਰੂ-ਚਰਨਾਂ ਨਾਲ ਜੁੜ ਕੇ ਸੰਸਾਰਕ ਪਦਾਰਥ ਤੇ ਮੁਕਤੀ ਸੁਤੇ ਸਿੱਧ ਹੀ ਪ੍ਰਾਪਤ ਹੋ ਜਾਂਦੀ ਹੈ:

ਗੁਰੁ ਜਿਨ੍ ਕਉ ਸੁਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥
ਜਿਨ੍ ਕਉ ਗੁਰੁ ਸੁਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥
ਗੁਰੁ ਜਿਨ੍ ਕਉ ਸੁਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥
ਜਿਨ੍ ਕਉ ਗੁਰੁ ਸੁਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥
ਪਰਚਉ ਪ੍ਰਮਾਣੁ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ ॥
ਸ੍ਰੀ ਗੁਰੂ ਸਰਣਿ ਭਜੁ ਕਲ੍ ਕਬਿ ਭੁਗਤਿ ਮੁਕਤਿ ਸਭ ਗੁਰੂ ਲਗਿ ॥ (ਅੰਗ ੧੩੯੮)

ਉਸ ਵਾਹਿਗੁਰੂ ਦੀ ਅਕੱਥ ਕਥਾ ਸੱਚਖੰਡ ਵਿਚ ਵਾਸਾ ਦੇਣ ਵਾਲੀ ਹੈ, ਪਰ ਜਿਸ ਨੂੰ ਦਾਤਾਰ ਦੇਵੇ ਉਹ ਹੀ ਇਸ ਨੂੰ ਪ੍ਰਾਪਤ ਕਰਦਾ ਹੈ। ਸ੍ਰੀ ਗੁਰੂ ਰਾਮਦਾਸ ਇਹ ਗਿਆਨ ਰਾਜ ਤੁਹਾਨੂੰ ਹੀ ਸੋਭਦਾ ਹੈ:

ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥
ਇਹੁ ਜਨਕ ਰਾਜੁ ਗੁਰ ਰਾਮਦਾਸ ਤੁਝ ਹੀ ਬਨਿ ਆਵੈ ॥ (ਅੰਗ ੧੩੯੮)

ਭੱਟ ਨਲ੍ਹ ਜੀ ਗੁਰੂ ਜੀ ਦੀ ਉਸਤਤ ਕਰਦੇ ਹੋਏ ਉਚਾਰਦੇ ਹਨ ਕਿ ਉਸ ਦੇ ਸਿਮਰਨ ਨਾਲ ਇਉਂ ਤਬਦੀਲ ਹੋ ਜਾਈਦਾ ਹੈ ਜਿਵੇਂ ਪਾਰਸ ਦੀ ਛੋਹ ਨਾਲ ਕੱਚ ਸੋਨਾ ਹੋ ਜਾਂਦਾ ਹੈ ਅਤੇ ਚੰਦਨ ਦੀ ਛੋਹ ਨਾਲ ਹੋਰ ਰੁੱਖ ਸੁਗੰਧਿਤ ਹੋ ਜਾਂਦੇ ਹਨ। ਉਸ ਗੁਰੂ ਦੇ ਦੁਆਰੇ ਨੂੰ ਦੇਖਣ ਨਾਲ ਕਾਮ, ਕ੍ਰੋਧ ਆਦਿ ਦੂਰ ਹੋ ਜਾਂਦੇ ਹਨ। ਮੈਂ ਉਸ ਸਤਿਗੁਰੂ ਦੇ ਬਖ਼ਸ਼ੇ ਨਾਮ ਤੋਂ ਬਲਿਹਾਰੇ ਜਾਂਦਾ ਹਾਂ। ਸ੍ਰੀ ਗੁਰੂ ਰਾਮਦਾਸ ਜੀ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਸਦਾ ਅਟੱਲ ਨਾਮ ਬਖ਼ਸ਼ਿਆ ਹੈ, ਸਮਰੱਥ ਗੁਰੂ ਨੇ ਆਪ ਦੇ ਸਿਰ 'ਤੇ ਹੱਥ ਰੱਖਿਆ ਹੈ, ਹਰਿ ਨਾਮ ਦੇ ਕੇ ਅਟੱਲ ਪਦਵੀ ਦੇ ਕੇ ਮਾਲਕ ਬਣਾ ਦਿੱਤਾ ਹੈ।

ਜਗਿਆਸੂਆਂ ਨੂੰ ਜਗਤ ਦੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਦੀ ਹੀ ਆਸ-ਪਿਆਸ ਲੱਗੀ ਰਹਿੰਦੀ ਹੈ, ਜੋ ਪਾਰਸੁ ਹੈ, ਜਿਸ ਨੇ ਆਪਣੀ ਛੋਹ ਨਾਲ ਜਗਿਆਸੂਆਂ ਨੂੰ ਪਾਰਸ ਕਰ ਦਿੱਤਾ ਹੈ। ਪੁਰਾਣੇ ਮਿਥਿਹਾਸਿਕ ਹਵਾਲਿਆਂ ਦੇ ਪ੍ਰਮਾਣ ਦੇ ਕੇ ਭੱਟ ਨਲ੍ਹ ਕਹਿੰਦੇ ਹਨ ਕਿ ਜਿਵੇਂ ਹਰੀ ਨੇ ਪ੍ਰਹਿਲਾਦ, ਦਰੋਪਦੀ, ਸੁਦਾਮਾ, ਗਨਿਕਾ ਦੀ ਲਾਜ ਰੱਖੀ, ਇਵੇਂ ਕਲਜੁਗ ਵਿਚ ਗੁਰੂ ਮੇਰੀ ਲਾਜ ਰੱਖੇਗਾ। ਸ੍ਰੀ ਗੁਰੂ ਅਮਰਦਾਸ ਜੀ ਨੇ ਰਾਜ, ਜੋਗ, ਗੁਰਤਾ ਦਾ ਤਖ਼ਤ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਸ ਕੀਤਾ, ਜੋ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨੂੰ ਅਕਾਲ ਪੁਰਖ ਵੱਲੋਂ ਪ੍ਰਾਪਤ ਹੋਇਆ ਸੀ:

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥
ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ ॥
(ਅੰਗ ੧੪੦੧)

ਭੱਟ ਨਲ੍ਹ ਇਕ ਥਾਂ ਗੁਰੂ ਦੇ ਦਵਾਰੇ ਦਾ ਨਾਮ ਲੈ ਕੇ ਉਸ ਨੂੰ ਬੈਕੁੰਠ ਦੀ ਉਪਮਾ ਦੇਂਦਾ ਹੈ:

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਨ ਤੀਰਿ ਬਿਪਾਸ ਬਨਾਯਉ ॥
ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥
(ਅੰਗ ੧੪੦੦)

ਭੱਟ ਗਯੰਦ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਭਾਈ ਲਹਿਣਾ ਜੀ ਨੂੰ ਗੁਰੂ ਥਾਪਣਾ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਅਤੇ ਫਿਰ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪਣਾ ਦਾ ਵਰਣਨ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਸੰਸਾਰੀ ਜੀਵਾਂ ਨੂੰ ਤਾਰਨ ਵਾਲੇ ਹਨ ਤੇ ਉਨ੍ਹਾਂ ਦੀ ਲੀਲ੍ਹਾ ਸਮਝ ਤੋਂ ਪਰੇ ਹੈ।

ਭੱਟ ਮਥੁਰਾ ਜੀ ਅਨੁਸਾਰ ਜਿਸ ਵਾਹਿਗੁਰੂ ਨੇ ਕਈ ਪ੍ਰਕਾਰ ਦਾ ਸੰਸਾਰ ਪੈਦਾ ਕੀਤਾ ਹੋਇਆ ਹੈ, ਉਹ ਸਰਬ ਉਪਮਾ ਜੋਗ ਸੱਚੇ ਨਾਮ ਵਾਲਾ ਕਰਤਾ ਪੁਰਖ ਸ੍ਰੀ ਗੁਰੂ ਰਾਮਦਾਸ ਜੀ ਦੇ ਚਿੱਤ ਦੀ ਚਿਤਵਨੀ ਵਿਚ ਨਿਵਾਸ ਰੱਖਦਾ ਹੈ:

ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ ॥
ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥ (ਅੰਗ ੧੪੦੪)

ਸ੍ਰੀ ਗੁਰੂ ਰਾਮਦਾਸ ਧਰਮ ਦਾ ਝੰਡਾ ਫਹਿਰਾਉਣ ਵਾਲੇ, ਧਰਮ ਦਾ ਪੰਥ ਚਲਾਉਣ ਵਾਲੇ, ਕਲਜੁਗੀ ਜੀਵਾਂ ਲਈ ਭਵ-ਸਾਗਰ ਪਾਰ ਕਰਾਉਣ ਵਾਲੇ ਹਨ। ਗੁਰੂ ਜੀ ਅੰਮ੍ਰਿਤ-ਸਰੋਵਰ ਸਮਾਨ ਹਨ। ਇਸ ਵਿਚ ਦਿਨ ਚੜ੍ਹਨ ਤੋਂ ਪਹਿਲਾਂ ਹੀ ਗੁਰੂ ਸ਼ਬਦ ਦੀਆਂ ਲਹਿਰਾਂ ਰੂਪਮਾਨ ਹੁੰਦੀਆਂ ਹਨ। ਗੁਰੂ ਗਹਿਰ ਗੰਭੀਰ, ਅਥਾਹ ਸਾਗਰ ਹੈ ਜੋ ਅਮੋਲਕ ਰਤਨਾਂ ਨਾਲ ਨੱਕਾ-ਨੱਕ ਭਰਿਆ ਰਹਿੰਦਾ ਹੈ:

ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥
ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥
(ਅੰਗ ੧੪੦੪)

ਜਿਸ ਪ੍ਰਭੂ ਦੇ ਮਿਲਾਪ ਵਾਸਤੇ ਜੋਗੀ, ਜਤੀ, ਸਿੱਧ, ਸਾਧਕ ਸੰਸਾਰ ਤੋਂ ਉਪਰਾਮ ਹੋਏ ਫਿਰਦੇ ਹਨ, ਸ੍ਰੀ ਗੁਰੂ ਅਮਰਦਾਸ ਜੀ ਨੇ ਕਿਰਪਾ ਕਰ ਕੇ ਨਾਮ ਦੀ ਵਡਿਆਈ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤੀ। ਗੁਰੂ ਜੀ ਦੇ ਦਰਸ਼ਨ ਕਰ ਕੇ ਅਗਿਆਨਤਾ ਤੋਂ ਉਪਜਿਆ ਭਰਮ ਨਾਸ਼ ਹੋ ਜਾਂਦਾ ਹੈ। ਜਿਸ ਜਗਿਆਸੂ ਦੇ ਸਿਰ 'ਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਹੱਥ ਰੱਖ ਦਿੱਤਾ, ਉਹ ਕਿਸੇ ਦੀ ਪਰਵਾਹ ਨਹੀਂ ਰੱਖਦਾ।

ਭੱਟ ਬਲ੍ਹ ਪਹਿਲੇ ਤਿੰਨ ਗੁਰੂ ਸਾਹਿਬਾਨ ਦਾ ਜਸ ਗਾਇਣ ਕਰਦੇ ਹੋਇਆਂ ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਤੁਹਾਡੀ ਸਾਰੇ ਸੰਸਾਰ ਵਿਚ ਜੈ-ਜੈ ਕਾਰ ਹੋ ਰਹੀ ਹੈ। ਆਪ ਜੀ ਨੇ ਪੂਰਬਲੇ ਭਗਤਾਂ ਦੀ ਕਮਾਈ ਨੂੰ ਫਲੀਭੂਤ ਕਰਨ ਹਿੱਤ ਅਵਤਾਰ ਧਾਰਨ ਕੀਤਾ। ਆਪ ਦਾ ਚਿੰਤਨ ਕਰਨ ਨਾਲ ਹਰਿ ਨਾਮ ਹਿਰਦੇ ਅੰਦਰ ਦਿਨ-ਬ-ਦਿਨ ਪ੍ਰਚੰਡ ਹੁੰਦਾ ਹੈ। ਅਜਿਹੇ ਗੁਣਾਂ ਵਾਲੇ ਗੁਰੂ ਨੂੰ ਸਤਿ-ਸੰਗਤ ਵਿਚ ਮਿਲ ਕੇ ਧੰਨ-ਧੰਨ ਕਰੀ ਜਾਓ, ਜਿਸ ਨਾਲ ਪ੍ਰਭੂ ਪਰਮੇਸ਼ਰ ਨੂੰ ਪਾ ਲਈਦਾ ਹੈ:

ਸੋਈ ਰਾਮਦਾਸੁ ਗੁਰੁ ਬਲ੍ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥
ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ ॥(ਅੰਗ ੧੪੦੫)

ਭੱਟ ਕੀਰਤ ਜੀ ਅਨੁਸਾਰ ਅਸੀਂ ਸੰਸਾਰੀ ਜੀਵ ਔਗੁਣਾਂ ਨਾਲ ਭਰੇ ਪਏ ਹਾਂ, ਸਾਡੇ ਵਿਚ ਇਕ ਵੀ ਗੁਣ ਨਹੀਂ ਜੋ ਅੰਮ੍ਰਿਤ ਨੂੰ ਛੱਡ ਕੇ ਮਾਇਆ ਰੂਪੀ ਵਿਸ਼ਿਆਂ ਦੀ ਜ਼ਹਿਰ ਖਾ ਰਹੇ ਹਾਂ। ਅਸੀਂ ਸੁਣਿਆ ਹੈ ਕਿ ਸਤਿਗੁਰੂ ਦੀ ਸੰਗਤ ਇਕ ਉੱਤਮ ਰਸਤਾ ਹੈ ਜਿਸ ਨਾਲ ਜਮ ਦੀ ਤ੍ਰਾਸ ਮਿਟਾਈ ਜਾ ਸਕਦੀ ਹੈ। ਕੀਰਤ ਭੱਟ ਜੀ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਇਹੀ ਅਰਦਾਸ ਕਰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਸਾਨੂੰ ਆਪਣੀ ਚਰਨ ਸ਼ਰਨ ਵਿਚ ਰੱਖੋ। ਜੋ ਜੀਵ ਆਪ ਜੀ ਦੇ ਚਰਨੀਂ ਆ ਲੱਗਦੇ ਹਨ ਉਨ੍ਹਾਂ ਨੂੰ ਵਿਕਾਰ ਤੇ ਜਮ ਪੋਹ ਨਹੀਂ ਸਕਦੇ:

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥
(ਅੰਗ ੧੪੦੬)

ਭੱਟ ਸਲ੍ਹ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਕਰਦੇ ਹੋਇਆਂ ਕਹਿੰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਆਪ ਜੀ ਦੇ ਸੀਸ ਉੱਤੇ ਛਤਰ ਝੁਲਦਾ ਹੈ, ਆਪ ਜੀ ਦਾ ਸਿੰਘਾਸਣ ਸਦਾ ਥਿਰ ਰਹਿਣ ਵਾਲਾ ਹੈ, ਆਪ ਜੀ ਰਾਜ-ਜੋਗ ਸੰਯੁਕਤ ਮਹਾਂ-ਬਲੀ ਹੋ। ਹੇ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ! ਤੁਸੀਂ ਰਾਜ ਕਰ ਕੇ ਅਟੱਲ ਹੋ ਅਤੇ ਅਜਿੱਤ ਦੈਵੀ ਦਲ ਵਾਲੇ ਹੋ:

ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥
ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥ (ਅੰਗ ੧੪੦੬)

ਭੱਟ ਸਾਹਿਬਾਨ ਨੇ ਸਵਈਆਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੱਚੇ ਸੇਵਕ, ਨਾਮ ਦੇ ਰਸੀਏ, ਸਮ-ਦ੍ਰਿਸ਼ਟ, ਗੂੜ੍ਹ ਮੱਤ ਵਾਲੇ, ਸੰਜਮੀ, ਸੰਤੋਖੀ ਤੇ ਸੀਲ ਸੁਭਾਅ ਵਾਲੇ, ਪੰਜ ਦੂਤ ਵੱਸ ਵਿਚ, ਦਾਨੀ ਤੇ ਮਹਾਂਬਲੀ ਇਨ੍ਹਾਂ ਗੁਣਾਂ ਦਾ ਵਰਣਨ ਕੀਤਾ ਹੈ। ਇਸ ਬਾਣੀ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ-ਕਾਲ ਵਿਚ ਹੀ ਗੁਰੂ ਸਾਹਿਬਾਨ ਦੀ ਵਡਿਆਈ ਦਾ ਡੰਕਾ ਦੂਰ ਦੂਰ ਤਕ ਵੱਜ ਚੁਕਾ ਸੀ। ਭੱਟ ਸਾਹਿਬਾਨ ਨੇ ਗੁਰੂ-ਜੋਤ ਦੀ ਨਿਰੰਤਰਤਾ ਦਾ ਸਿਧਾਂਤ ਪ੍ਰਵਾਨ ਕਰਦੇ ਹੋਏ ਦੱਸਿਆ ਹੈ ਕਿ ਗੁਰੂ ਸਾਹਿਬਾਨ ਵਿਚ ਅਕਾਲ ਪੁਰਖ ਦੀ ਸਾਖਿਆਤ ਜੋਤ ਜਗਮਗਾ ਰਹੀ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਦੇ ਮੁੱਖ ਵਿਸ਼ੇ ਜਿਹਾ ਕਿ ਪ੍ਰਭੂ-ਪਿਆਰ, ਸ਼ਰਧਾ, ਨਿਹਚਾ, ਸੇਵਾ, ਵਿਨੈ-ਭਾਵ ਅਤੇ ਗੁਰੂ ਦੀ ਮਿਹਰ ਦੀ ਲੋੜ ਆਦਿ ਇਹ ਸਭ ਭੱਟ ਸਾਹਿਬਾਨ ਦੇ ਸਵਈਆਂ ਦਾ ਆਧਾਰ ਰਹੇ ਹਨ।

## Sri Guru Ramdas Ji

Sri Guru Ramdas Ji (Jetha ji) was born at Chuna Mandi, Lahore (in Pakistan), on Kartik Vadi 2nd, (25th Assu) Samvat 1591 (September 24, 1534). Son of Mata Daya Kaur ji (Anup Kaur ji) and Baba Hari Das ji Sodhi Khatri was very handsome and promising child. His parents were too poor to meet even the daily needs and he had to earn his bread by selling boiled grams. His parents died when he was just 7 year old. His grandmother (mother's, mother) took him to her native village Basarke. He spent five years at village Basarke earning his bread by selling boiled grams. According to some chronicles, once Sri Guru Amardas Ji came village Basarke to condole with the grandmother of Sri Guru Ramdas Ji at the death of her son-in-law and developed deep affection for Sri Guru Ramdas Ji. Along with grandmother he left for Goindwal Sahib to settle there. There he resumed his profession of selling boiled grams and also began to take part in the religious congregation held by Sri Guru Amardas Ji. He also made active participation in the development of Goindwal Sahib.Sri Guru Ramdas Ji was married to Bibi Bhani Ji (daughter of Guru Amardas Sahib). She bore him three sons: Prithi Chand Ji, Mahadev Ji and Arjan Sahib (Guru) Ji. After the marriage he stayed with his father-in-law and deeply associated himself with the Guru Ghar activities (Sikhism). He commanded full confidence of Sri Guru Amardas Ji and often accompanied him when the latter went on long missionary tours to different parts of India.Sri Guru Ramdas Ji was a man of considerable merit. He became famous for his piety, devotion, energy and eloquence. Sri Guru Amardas Ji found him capable in every respect and worthy of the office of Guruship and installed him as Fourth Nanak on september 1, 1574. Sri Guru Ramdas Ji laid the foundation stone of Chak Ramdas or Ramdas Pur, which is now called Amritsar. For this purpose he purchased land from the zamindars of the villages: Tung, Gilwali and Gumtala, and began digging of Santokhsar Sarovar. Later on he suspended the work on Santokhsar and concentrated his attention on digging Amritsar Sarovar. Bhai Sahlo Ji and Baba Budha Ji, the two devoted Sikhs were assigned the supervising work.The new city (Chak Ramdas Pur) flourished soon as it was situated at the centre of international trade routes. It grew into an important center of trade in Punjab after Lahore. Sri Guru Ramdas Ji himself invited many merchants and artisans from the different walks of life and trades. Later on, it proved to be step of far- reaching importance. It provided a common place of worship to the Sikhs and paved the way for the future guidelines for the Sikhism as a different religion. Sri Guru Ramdas Ji introduced Masand system in place of Manji system and this step played a great role in the consolidation of Sikhism.Sri Guru Ramdas Ji strengthened the Sikhism a step further by composing Four Lawns and advised the Sikhs to recite them in order to solemnize the marriages of their children. Thus he introduced a new matrimonial system based upon Sikhism instead of Hindu's Vedi system. Thus this distinct marriage code for the Sikhs separated them from the orthodox and traditional Hindu system. also made rapprochement with different sects of Udasis through Baba Shri Chand Ji. He, like his predecessors carried forward the tradition of Guru ka Langar. Superstitions, caste system and pilgrimages were strongly decried.He wrote 638 hymns in 30 ragas, these include 246 Padei 138 Saloks, 31 Ashtpadis and 8 Vars and are a part of Guru Granth Sahib. He nominated his youngest son (Guru) Arjan Sahib as Fifth Nanak. After this he left Amritsar and retired to Goindwal Sahib. There, after a few days he passed away for heaven on Bhadon Sudi 3rd (2nd Assu) Samvat 1638 (September 1, 1581).

# ਗੁਰ ਰਾਮਦਾਸ ਰਾਖਹੁ ਸਰਣਾਈ

-ਡਾ. ਜਗਜੀਤ ਸਿੰਘ

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਧਰਮ ਦੇ ਚੌਥੇ ਗੁਰੂ ਮਹਾਰਾਜ ਹਨ। ਆਪ ਜੀ ਦਾ ਪ੍ਰਕਾਸ਼ ਲਾਹੌਰ ਵਿਖੇ, ਪਿਤਾ ਸ੍ਰੀ ਹਰਿਦਾਸ ਜੀ ਅਤੇ ਮਾਤਾ ਸ੍ਰੀ ਦਇਆ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਮਾਤਾ ਪਿਤਾ ਦੀ ਪਹਿਲੀ ਸੰਤਾਨ ਹੋਣ ਕਾਰਨ ਆਪ ਜੀ ਨੂੰ 'ਜੇਠਾ' ਕਹਿ ਕੇ ਸੱਦਿਆ ਜਾਂਦਾ ਸੀ ਅਤੇ ਇਹੋ ਨਾਮ ਪ੍ਰਸਿੱਧ ਹੋ ਗਿਆ। ਆਪ ਜੀ ਦਾ ਇਕ ਛੋਟਾ ਭਰਾ ਸੀ ਹਰਦਿਆਲ ਤੇ ਇਕ ਛੋਟੀ ਭੈਣ ਸੀ ਰਾਮਦਾਸੀ। ਛੋਟੀ ਉਮਰ 7 ਸਾਲ ਦੇ ਹੀ ਸਨ ਜਦੋਂ ਆਪ ਜੀ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ। ਪਰਵਾਰ ਮੁਸ਼ਕਲਾਂ ਵਿਚ ਘਿਰ ਗਿਆ। ਅਜੇ ਥੋੜ੍ਹਾ ਸਮਾਂ ਹੀ ਲੰਘਿਆ ਸੀ ਕਿ ਪਿਤਾ ਹਰਦਾਸ ਜੀ ਵੀ ਰੱਬ ਨੂੰ ਪਿਆਰੇ ਹੋ ਗਏ। ਪਰਵਾਰ ਨੂੰ ਦੁਖਾਂ ਵਿਚ ਤੇ ਆਰਥਿਕ ਤੰਗੀ ਨੇ ਆ ਘੇਰਿਆ। ਆਪ ਦੇ ਨਾਨਕੇ, ਪਿੰਡ ਬਾਸਰਕੇ, ਦੇ ਰਹਿਣ ਵਾਲੇ ਸਨ। ਸ੍ਰੀ (ਗੁਰੂ) ਅਮਰਦਾਸ ਜੀ ਦਾ ਜਨਮ ਸਥਾਨ ਅਤੇ ਪਰਵਾਰ ਦਾ ਨਿਵਾਸ ਸਥਾਨ ਬਾਸਰਕੇ ਹੀ ਸੀ। ਨਾਨੀ ਜੀ ਆਪ ਜੀ ਅਤੇ ਆਪ ਜੀ ਦੇ ਛੋਟੇ ਭੈਣ-ਭਰਾ ਨੂੰ ਬਾਸਰਕੇ ਲੈ ਆਏ। ਸ੍ਰੀ (ਗੁਰੂ) ਅਮਰਦਾਸ ਜੀ ਦੇ ਪਰਵਾਰ ਵੱਲ ਪੁਰਾਣੀ ਜਾਣ ਪਹਿਚਾਣ ਸੀ। ਉਨ੍ਹਾਂ ਨੇ ਹੌਂਸਲਾ ਦਿੱਤਾ ਅਤੇ ਹਰ ਤਰ੍ਹਾਂ ਦੀ ਸਹਾਇਤਾ ਦੇ ਮਿੱਠੇ ਬਚਨ ਕਹੇ ਜਿਸ ਨਾਲ ਪਰਵਾਰ ਵਿਚ ਧੀਰਜ ਬੱਝਾ। ਪਰਵਾਰ ਦੇ ਗੁਜ਼ਾਰੇ ਲਈ ਆਪ ਕਈ ਵਰ੍ਹੇ ਨਾਨੀ ਜੀ ਦੀਆਂ ਬਣਾਈਆਂ ਘੁੰਗਣੀਆਂ ਵੇਚਦੇ ਰਹੇ ਅਤੇ ਸ੍ਰੀ (ਗੁਰੂ) ਅਮਰਦਾਸ ਜੀ ਦੇ ਸਤਿਸੰਗ ਦਾ ਅਨੰਦ ਮਾਣਦੇ ਰਹੇ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਆਦੇਸ਼ ਮੰਨਦਿਆਂ ਸ੍ਰੀ (ਗੁਰੂ) ਅਮਰਦਾਸ ਜੀ ਗੋਇੰਦਵਾਲ ਆ ਬਿਰਾਜੇ ਅਤੇ ਕਈ ਪਰਵਾਰਾਂ ਨੂੰ ਏਥੇ ਆ ਵੱਸਣ ਲਈ ਉਤਸ਼ਾਹਿਤ ਕੀਤਾ। ਭਾਈ ਜੇਠਾ ਜੀ ਦਾ ਪਰਵਾਰ ਵੀ ਏਥੇ ਆ ਗਿਆ। ਆਪ ਜੀ ਪਹਿਲਾਂ ਵਾਂਗ ਹੀ ਦਿਨ ਨੂੰ ਘੁੰਗਣੀਆਂ ਵੇਚਦੇ ਅਤੇ ਸ਼ਾਮ ਨੂੰ ਸ੍ਰੀ (ਗੁਰੂ) ਅਮਰਦਾਸ ਜੀ ਵੱਲੋਂ ਲਗਾਏ ਜਾਂਦੇ ਸਤਿਸੰਗ ਦਾ ਅਨੰਦ ਮਾਣਦੇ। ਸ੍ਰੀ (ਗੁਰੂ) ਅਮਰਦਾਸ ਜੀ ਵੀ ਬਾਲਕ ਜੇਠਾ ਜੀ ਨੂੰ ਬਹੁਤ ਪਿਆਰ ਕਰਦੇ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਭਗਤੀ ਤੇ ਸੇਵਾ ਨੂੰ ਮੁੱਖ ਰੱਖਦਿਆਂ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਗੁਰਿਆਈ ਬਖ਼ਸ਼ਿਸ਼ ਕੀਤੀ ਅਤੇ ਆਪ ਜੀ ਨੂੰ ਤੀਜੀ ਪਾਤਸ਼ਾਹੀ ਦਾ ਪਦ ਪ੍ਰਾਪਤ ਹੋਇਆ। ਭਾਈ ਜੇਠਾ ਜੀ ਪੂਰੀ ਮਿਹਨਤ ਨਾਲ ਕਿਰਤ ਕਰਦੇ, ਗੁਰੂ-ਘਰ ਦੀ ਪੂਰੀ ਲਗਨ ਨਾਲ ਸੇਵਾ ਕਰਦੇ ਅਤੇ ਗੁਰੂ ਬਚਨਾਂ ਦਾ ਪਾਲਣ ਕਰਦੇ। ਆਪ ਨੇ ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾਇਆ ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਪਿਆਰ ਦੇ ਪਾਤਰ ਬਣੇ। ਅਨੰਦਮਈ ਜੀਵਨ ਜੁਗਤਿ ਵਿਚ ਵਿਚਰਦੇ, ਸੁਹਣੇ ਸੁਣੱਖੇ ਨੌਜਵਾਨ, ਗੁਰੂ ਜੀ ਦੇ ਮਿਹਰਾਂ ਭਰੀ ਨਜ਼ਰ ਵਿਚ ਪ੍ਰਵਾਨ ਹੋਏ। ਜਦੋਂ ਮਾਤਾ ਜੀ ਨੇ ਬੀਬੀ ਭਾਨੀ ਲਈ ਚੰਗੇ ਵਰ ਦੀ ਭਾਲ ਲਈ ਇੱਛਾ ਜ਼ਾਹਿਰ ਕੀਤੀ ਕਿ ਬੇਟੀ ਭਾਨੀ ਲਈ ਭਾਈ ਜੇਠਾ ਜੀ ਵਰਗਾ ਸੁੰਦਰ ਤੇ ਸੁਸ਼ੀਲ ਵਰ ਹੋਵੇ, ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਸਹਿਜ ਹੀ ਫੁਰਮਾਇਆ ਕਿ ਇਹੋ ਜਿਹਾ ਤਾਂ ਇਹੋ ਹੀ ਹੈ, ਹੋਰ ਕੋਈ ਨਹੀਂ। ਗੁਰੂ ਜੀ ਦੀਆਂ ਮਿਹਰਾਂ ਪ੍ਰਾਪਤ ਹੋਈਆਂ ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਦਾ ਵਿਆਹ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨਾਲ ਕਰ ਦਿੱਤਾ। ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦੀ ਸੇਵਾ ਵਿਚ ਭਾਈ ਜੇਠਾ ਜੀ, ਗੁਰੂ-ਘਰ ਦੇ ਜਵਾਈ ਹੁੰਦੇ ਹੋਏ ਵੀ, ਪੂਰੀ ਲਗਨ ਤੇ ਮਿਹਨਤ ਨਾਲ ਗਾਰਾ, ਮਿੱਟੀ, ਚੂਨਾ ਆਦਿ ਦੀ ਟੋਕਰੀ ਢੋਂਦੇ ਰਹੇ। ਲਾਹੌਰ ਤੋਂ ਆਏ ਰਿਸ਼ਤੇਦਾਰਾਂ ਨੇ ਮਿਹਣੇ ਦਿੱਤੇ, ਪਰ ਆਪ ਜੀ ਨੇ ਕੋਈ ਪਰਵਾਹ ਨਾ ਕੀਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਦਿੱਤੇ ਗਏ ਮਿਹਣਿਆਂ ਦਾ ਹਲੀਮੀ ਵਿਚ ਉੱਤਰ ਦਿੱਤਾ, "ਸਿਰ 'ਤੇ ਚੁੱਕੀ ਟੋਕਰੀ ਦਾ ਕੋਈ ਭਾਰ ਨਹੀਂ, ਪਰਮਾਤਮਾ ਨੇ ਲੋਕ-ਭਲਾਈ ਦੇ ਪਤਾ ਨਹੀਂ ਕਿੰਨੇ ਮਹਾਨ ਕਾਰਜਾਂ ਦਾ ਬੋਝ ਇਨ੍ਹਾਂ ਦੇ ਸਿਰ ਤੇ ਰੱਖਣਾ ਹੈ ਅਤੇ ਇਨ੍ਹਾਂ ਰਾਹੀਂ ਬੇਅੰਤ ਮਨੁੱਖਤਾ ਦਾ ਕਲਿਆਣ ਹੋਣਾ ਹੈ।" 'ਸਾਧ ਬਚਨ ਅਟਲਾਧਾ' ਅਨੁਸਾਰ ਐਸਾ ਹੀ ਵਾਪਰਿਆ। ਸਿੱਖੀ ਦੇ ਦਾਇਰੇ ਨੂੰ ਵਿਸ਼ਾਲ ਹੁੰਦਾ ਵੇਖ ਕੇ ਸੰਨ 1570 ਈ. ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ (ਗੁਰੂ) ਰਾਮਦਾਸ ਜੀ ਨੂੰ ਨਵਾਂ ਸਥਾਨ ਵਸਾਉਣ ਲਈ ਪ੍ਰੇਰਿਤ ਕੀਤਾ। ਆਪ ਜੀ ਅਤੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਾਈ ਅਰੰਭੀ। ਉਪਰੰਤ ਨਵੇਂ ਨਗਰ ਦੀ ਨੀਂਹ ਰੱਖੀ। ਨਾਮ ਰੱਖਿਆ, 'ਗੁਰੂ ਕਾ ਚੱਕ' ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਨਾਂ 'ਚੱਕ ਰਾਮਦਾਸ' ਰੱਖ ਦਿੱਤਾ ਤੇ ਅੰਮ੍ਰਿਤ ਸਰੋਵਰ ਦੀ ਮਾਨਤਾ ਕਾਰਨ ਵਸੋਂ ਵੱਧ ਜਾਣ ਤੇ ਸ਼ਹਿਰ ਦਾ ਨਾਮ ਸ੍ਰੀ ਅੰਮ੍ਰਿਤਸਰ ਸਾਹਿਬ ਪ੍ਰਸਿੱਧ ਹੋਇਆ। 1574 ਈ. ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੀ ਸੰਗਤ ਦੇ ਸਨਮੁਖ ਗੁਰਿਆਈ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਜੀ) ਨੂੰ ਗੁਰਿਆਈ ਬਖਸ਼ਿਸ਼ ਕੀਤੀ ਤੇ ਆਪ ਜੀ ਸ੍ਰੀ ਗੁਰੂ ਰਾਮਦਾਸ ਜੀ ਕਰ ਕੇ ਸੰਬੋਧਨ ਹੋਣ ਲੱਗੇ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਬਖਸ਼ਿਸ਼ ਕਰ ਕੇ ਸ੍ਰੀ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ, ਤਾਂ ਗੁਰੂ ਜੀ ਦੇ ਅੰਦਰ ਜੋ ਵੈਰਾਗ ਪੈਦਾ ਹੋਇਆ, ਉਸ ਨੂੰ ਯਾਦ ਕਰ ਕੇ ਉਹ ਭਾਵ ਆਪ ਜੀ ਨੇ ਨਿਮਨ ਸ਼ਬਦ ਰਾਹੀਂ ਪ੍ਰਗਟ ਕੀਤੇ ਹਨ।

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
(ਪੰਨਾ 167)

ਭਾਈ ਗੁਰਦਾਸ ਜੀ ਨੇ ਵੀ ਇਸ ਅਨੂਠੀ ਘਟਨਾ ਨੂੰ ਆਪਣੇ ਅਨੁਭਵ ਰਾਹੀਂ ਪ੍ਰਗਟ ਕੀਤਾ:

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ। (ਵਾਰ 1:47)

ਸ੍ਰੀ ਗੁਰੂ ਰਾਮਦਾਸ ਜੀ ਦਾ ਅਭਿਨੰਦਨ ਕਰਦਿਆਂ ਭਾਈ ਬਲਵੰਡ ਜੀ ਤੇ ਭਾਈ ਸੱਤਾ ਜੀ ਨੇ ਵੀ ਗੁਰੂ ਜੀ ਨੂੰ ਧੰਨਤਾ ਯੋਗ ਕਿਹਾ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥ (ਅੰਗ 968)

ਗੁਰਿਆਈ ਮਿਲਣ ਉਪਰੰਤ ਆਪ ਜੀ ਨੇ ਅਨੇਕਾਂ ਮਹਾਨ ਕਾਰਜ ਕੀਤੇ, ਪਰ ਨਿਮਰਤਾ, ਸਹਿਣਸ਼ੀਲਤਾ, ਉਦਾਰਤਾ ਦਾ ਪੱਲਾ ਕਦੀ ਨਹੀਂ ਢਿੱਲਾ ਹੋਣ ਦਿਤਾ। ਆਪ ਜੀ ਦੀਆਂ ਰਚਨਾਵਾਂ ਵਿੱਚੋਂ ਆਪ ਜੀ ਨਿਮਰਤਾ ਦੀ ਮੂਰਤ ਬਾਰ-ਬਾਰ ਪ੍ਰਤੱਖ ਹੁੰਦੀ ਹੈ:

-ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥
(ਅੰਗ10)
-ਹਮ ਪਾਪੀ ਪਾਥਰ ਨੀਰਿ ਡੁਬਤ ਕਰਿ ਕਿਰਪਾ ਪਾਖਣ ਹਮ ਤਾਰੀ ॥
(ਅੰਗ 666)
-ਕਿਆ ਹਮ ਕਿਰਮ ਨਾਨ੍ ਨਿਕ ਕੀਰੇ ਤੁਮ੍ ਵਡ ਪੁਰਖ ਵਡਾਗੀ ॥(ਅੰਗ 667)

ਸ੍ਰੀ ਗੁਰੂ ਰਾਮਦਾਸ ਜੀ ਹੱਥੋਂ ਸੰਪੰਨ ਹੋਏ ਕੁਝ ਵਿਸ਼ੇਸ਼ ਕਾਰਜ:-

1. ਚੱਕ ਰਾਮਦਾਸ ਦੀ ਨੀਂਹ ਰੱਖੀ ਜੋ ਸਹਿਜੇ-ਸਹਿਜੇ ਸਿੱਖੀ ਦਾ ਇਕ ਮਹਾਨ ਕੇਂਦਰ ਹੋ ਕੇ ਪ੍ਰਗਟ ਹੋਇਆ। ਦੁਖ ਭੰਜਨੀ ਬੇਰੀ ਪਾਸ ਆਪ ਜੀ ਨੇ 1577 ਈ. ਵਿਚ ਇਕ ਸਰੋਵਰ ਦਾ ਨਿਰਮਾਣ ਕਰਵਾਇਆ, ਜੋ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਅੱਜ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਸਿਫਤੀ ਦਾ ਘਰੁ' ਸੰਸਾਰ ਦੇ ਨਕਸ਼ੇ 'ਤੇ ਇਕ ਅਦੁੱਤੀ ਸਥਾਨ ਕਰਕੇ ਪ੍ਰਸਿੱਧ ਹੈ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਐਸੀ ਉਪਮਾ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਖ਼ੁਦ ਕੀਤੀ ਹੈ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥ (ਅੰਗ 1362)

2. ਸਿੱਖੀ ਦੇ ਪ੍ਰਚਾਰ ਹਿੱਤ ਮਸੰਦ ਪ੍ਰਥਾ ਚਾਲੂ ਕੀਤੀ, ਜਿਸ ਨਾਲ ਉੱਚੇ-ਸੁੱਚੇ ਕਥਨੀ ਤੇ ਕਰਨੀ ਵਾਲੇ ਗੁਰਸਿੱਖ ਸਿੱਖੀ ਦੀ ਸੇਵਾ ਨਿਭਾਉਣ ਲੱਗੇ।

3. ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀਆਂ ਪਰੰਪਰਾਵਾਂ ਨੂੰ ਅੱਗੇ ਤੋਰਿਆ। ਸੰਗਤ, ਪੰਗਤ, ਕੀਰਤਨ, ਸੇਵਾ, ਭਾਈਚਾਰਕ ਸੰਗਠਨ ਅਤੇ ਸਵੇਰ ਸ਼ਾਮ ਦੇ ਦੀਵਾਨ ਆਦਿ ਚੜ੍ਹਦੀ ਕਲਾ ਵਿਚ ਹੁੰਦੇ ਰਹੇ।

4. ਆਪ ਜੀ ਨੇ ਚਾਰ ਲਾਵਾਂ ਦੀ ਰਚਨਾ ਕੀਤੀ। ਸਿੱਖੀ ਪਰਵਿਰਤੀ ਅਤੇ ਨਰਵਿਰਤੀ ਦਾ ਸੁਚੱਜਾ ਸੁਮੇਲ ਹੈ। ਅੱਜ ਲਾਵਾਂ ਦੇ ਪਾਠ ਅਤੇ ਗਾਇਨ ਹੀ ਸਿੱਖ ਵਿਆਹ ਦਾ ਮੂਲ ਧੁਰਾ ਹੈ, ਜੋ ਸਿੱਖ ਧਰਮ, ਸਮਾਜ ਅਤੇ ਸਰਕਾਰ ਵੱਲੋਂ ਪ੍ਰਵਾਨਿਤ ਹੈ।

5. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਆਪ ਜੀ ਦੀ ਬਾਣੀ ਪਰੰਪਰਾ ਅਨੁਸਾਰ ਰਾਗਾਂ ਵਿਚ ਹੈ। ਕੁੱਲ 31 ਰਾਗਾਂ ਵਿੱਚੋਂ 30 ਰਾਗਾਂ ਵਿਚ ਆਪ ਜੀ ਨੇ ਬਾਣੀ ਦਾ ਉਚਾਰਨ ਕੀਤਾ, ਸਿਵਾਏ ਇਕ ਰਾਗ ਜੈਜਾਵੰਤੀ ਦੇ ਜਿਸ ਵਿਚ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਹੈ। ਆਪ ਜੀ ਨੇ 246 ਪਦੇ ਰਚੇ ਜਿਨ੍ਹਾਂ ਵਿਚ ਦੁਪਦੇ, ਚੌਪਦੇ ਤੇ ਪੰਚ ਪਦੇ ਸ਼ਾਮਲ ਹਨ। 31 ਅਸਟਪਦੀਆਂ ਲਿਖੀਆਂ। ਲੋਕ ਕਾਵਿ-ਰੂਪਾਂ ਵਿਚ ਪਹਿਰੇ, ਵਣਜਾਰਾ, ਕਰਹਲੇ, ਘੋੜੀਆਂ ਤੇ ਛੰਤ ਰਚੇ, 138 ਸਲੋਕ ਉਚਾਰਨ ਕੀਤੇ ਅਤੇ 8 ਵਾਰਾਂ ਲਿਖੀਆਂ ਜਿਨ੍ਹਾਂ ਵਿਚ 183 ਪਉੜੀਆਂ ਹਨ। 'ਪੜਤਾਲਾਂ' ਵਿਚ ਕੀਤੀ ਰਚਨਾ ਆਪ ਜੀ ਦੀ ਵਿਲੱਖਣ ਦੇਣ ਹੈ। ਇਨ੍ਹਾਂ ਦਾ ਗਾਇਨ ਕੋਈ ਵਿਰਲਾ ਸੰਗੀਤ ਦਾ ਮਾਹਿਰ ਰਾਗੀ ਹੀ ਕਰ ਸਕਦਾ ਹੈ। ਆਪ ਜੀ ਦੀ ਬਾਣੀ ਦਾ ਪ੍ਰਧਾਨ ਵਿਸ਼ਾ-ਪ੍ਰਭੂ ਪਿਆਰ, ਵੈਰਾਗ, ਮਿਲਾਪ ਲਈ ਤੜਪ ਹੈ। ਇਨ੍ਹਾਂ ਦੇ ਸਾਧਨ ਵਜੋਂ ਗੁਰੂ ਦਾ ਧਿਆਨ, ਨਾਮ ਸਿਮਰਨ, ਸਾਧ ਸੰਗ, ਸੇਵਾ, ਬਾਣੀ ਕੀਰਤਨ, ਸ਼ਬਦ-ਵਿਚਾਰ ਦੱਸੀ ਹੈ, ਜਿਸ ਦੀ ਪ੍ਰਾਪਤੀ ਲਈ ਅੰਮ੍ਰਿਤ ਵੇਲਾ, ਸੌਚ ਇਸ਼ਨਾਨ, ਸਦਾਚਾਰਕ ਚਲਣ ਆਦਿ ਜ਼ਰੂਰੀ ਦੱਸੇ। ਆਪ ਜੀ ਦੀ ਦਰਸਾਈ ਗੁਰਸਿੱਖ ਦੀ ਪਰਿਭਾਸ਼ਾ ਸਾਰੇ ਸਿੱਖ ਜਗਤ ਵਿਚ ਮਕਬੂਲ ਹੋਈ ਹੈ, ਪੜ੍ਹੀ ਅਤੇ ਗਾਇਨ ਕੀਤੀ ਜਾਂਦੀ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
(ਅੰਗ 305)

ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਪੁੱਤਰ ਸਨ। ਸਭ ਤੋਂ ਵੱਡੇ ਪ੍ਰਿਥੀ ਚੰਦ ਸੰਸਾਰਕ ਬਿਰਤੀ ਵਾਲੇ, ਚੰਗੀ ਪ੍ਰਬੰਧਕੀ ਸੂਝ ਵਾਲੇ, ਕਾਰ-ਵਿਹਾਰ ਦਾ ਸਾਰਾ ਪ੍ਰਬੰਧ ਤੇ ਸਾਂਭ-ਸੰਭਾਲ ਕਰਦੇ ਸਨ, ਨਾਮ ਬਾਣੀ, ਸਿਮਰਨ ਸਾਧਨਾ ਵਿਚ ਧਿਆਨ ਨਹੀਂ ਸੀ। ਦੂਜੇ ਪੁੱਤਰ ਮਹਾਂਦੇਵ ਜੀ ਵੈਰਾਗਮਈ ਸੁਭਾਅ ਵਾਲੇ ਨਿਰਵਿਰਤ ਬਿਰਤੀ ਦੇ ਮਾਲਕ, ਉਪਰਾਮ ਰਹਿਣ ਵਾਲੇ ਕਿਸੇ ਕੰਮ ਵਿਚ ਰੁਚੀ ਨਹੀਂ ਸੀ ਰੱਖਦੇ। ਤੀਜੇ ਸ੍ਰੀ (ਗੁਰੂ) ਅਰਜਨ ਦੇਵ ਜੀ, ਗੁਣਵਾਨ, ਆਗਿਆਕਾਰੀ, ਨਾਮ-ਰਸੀਏ, ਹਰਮਨ ਪਿਆਰੇ ਸਪੁੱਤਰ ਸਨ, ਜਿਨ੍ਹਾਂ ਨੂੰ ਗੁਰਿਆਈ ਦੇ ਯੋਗ ਸਮਝਦਿਆਂ ਸੰਨ 1581 ਵਿਚ ਗੁਰਤਾ ਬਖ਼ਸ਼ਿਸ਼ ਕੀਤੀ। ਸਤੰਬਰ 1581 ਈ. ਵਿਚ ਆਪ ਜੀ ਜੋਤੀ ਜੋਤ ਸਮਾਏ।

ਭੱਟ ਸਾਹਿਬਾਨ ਦੇ ਸਵਈਆਂ ਵਿਚ ਪ੍ਰਾਪਤ ਸ੍ਰੀ ਗੁਰੂ ਰਾਮਦਾਸ ਜੀ ਦੀ ਮਨੋਹਰ ਸ਼ਖ਼ਸੀਅਤ:-

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਸਤਾਰ-ਬੰਦੀ ਦੀ ਰਸਮ ਵੇਲੇ ਦੂਰੋਂ-ਦੂਰੋਂ ਸਿੱਖ ਸੰਗਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ-ਦੀਦਾਰ ਨੂੰ ਆਈਆਂ। ਪ੍ਰੋ. ਸਾਹਿਬ ਸਿੰਘ ਅਨੁਸਾਰ ਉਨ੍ਹੀਂ ਹੀ ਦਿਨੀਂ ਭੱਟ ਭੀ ਸੰਗਤਾਂ ਦੇ ਨਾਲ ਗੋਇੰਦਵਾਲ ਸਾਹਿਬ ਆਏ। ਦੀਦਾਰ ਦੀ ਬਰਕਤ ਨਾਲ ਚਿੱਤ ਗੁਰੂ ਦੀ ਸਿਫਤ ਕਰਨ ਦੇ ਉਮਾਹ ਵਿਚ ਆਇਆ ਅਤੇ ਗੁਰੂ-ਉਪਮਾ ਵਿਚ ਉਨ੍ਹਾਂ ਇਹ 'ਸਵਈਏ' ਉਚਾਰੇ, ਜਿਨ੍ਹਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਮੁਖਵਾਕ ਸਵਈਆਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ।

ਕੁੱਲ 11 ਭੱਟ ਸਾਹਿਬਾਨ ਹਨ, ਜਿਨ੍ਹਾਂ ਦੇ ਨਾਮ ਇਹ ਹਨ:-

1. ਭੱਟ ਕੱਲਸਹਾਰ ਜੀ (ਜਿਨ੍ਹਾਂ ਦੇ ਦੂਜੇ ਨਾਮ 'ਕਲ੍ਹ' ਅਤੇ 'ਟਲ੍ਹ' ਹਨ)
2. ਭੱਟ ਜਾਲਪ ਜੀ (ਜਿਨ੍ਹਾਂ ਦਾ ਦੂਜਾ ਨਾਮ ਜਲ੍ਹ ਹੈ) 3. ਭੱਟ ਕੀਰਤ ਜੀ 4. ਭੱਟ ਭਿੱਖਾ ਜੀ 5. ਭੱਟ ਸਲ੍ਹ ਜੀ 6. ਭੱਟ ਭਲ੍ਹ ਜੀ 7. ਭੱਟ ਨਲ੍ਹ ਜੀ 8. ਭੱਟ ਗਯੰਦ ਜੀ 9. ਭੱਟ ਮਥੁਰਾ ਜੀ 10. ਭੱਟ ਬਲ੍ਹ ਜੀ ਅਤੇ 11. ਭੱਟ ਹਰਿਬੰਸ ਜੀ।

ਸਵਈਆਂ ਵਿਚ ਕੇਵਲ ਗੁਰੂ ਦੀ ਵਡਿਆਈ ਕੀਤੀ ਗਈ ਹੈ। ਗੁਰੂ ਦੀ ਉਪਮਾ ਕਰਨ ਲੱਗਿਆਂ 'ਗੁਰ ਵਿਅਕਤੀ' ਦੀ ਉਪਮਾ ਹੋਣੀ ਕੁਦਰਤੀ ਗੱਲ ਸੀ। ਸੋ ਇਨ੍ਹਾਂ ਭੱਟ ਸਾਹਿਬਾਨ ਨੇ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਸਾਹਿਬ ਤਕ ਹਰੇਕ 'ਗੁਰ ਮਹਲੇ' ਦੀ ਸਿਫਤਿ ਉਚਾਰੀ ਹੈ। ਭੱਟ ਕਲਸਹਾਰ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿਚ 13 ਸਵਈਏ ਉਚਾਰੇ ਹਨ। ਪਹਿਲੇ ਸਵਈਏ ਵਿਚ ਹੀ ਆਪ ਜੀ ਬੇਨਤੀ ਕਰਦੇ ਹਨ ਤੇ ਸਤਿਗੁਰੂ (ਸ੍ਰੀ ਗੁਰੂ ਰਾਮਦਾਸ ਜੀ) ਮੈਂ ਦਾਸ ਦੀ ਆਸ ਪੂਰੀ ਕਰੋ ਕਿ ਮੈਂ ਇਕਾਗਰ ਚਿੱਤ ਹੋ ਕੇ ਮਾਇਆ ਤੋਂ ਰਹਿਤ ਅਕਾਲ ਪੁਰਖ ਨੂੰ ਸਿਮਰਾਂ, ਗੁਰੂ ਦੀ ਕਿਰਪਾ ਨਾਲ ਸਦਾ ਹਰੀ ਦੇ ਗੁਣ ਗਾਵਾਂ ਅਤੇ ਗੁਣ ਗਾਇਨ ਕਰਦਿਆਂ-ਕਰਦਿਆਂ ਮੇਰੇ ਮਨ ਵਿਚ ਖਿੜਾਉ ਪੈਦਾ ਹੋਵੇ:

ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥
ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥
ਗੁਨ ਗਾਵਤ ਮਨਿ ਹੋਇ ਬਿਗਾਸਾ ॥
ਸਤਿਗੁਰ ਪੂਰਿ ਜਨਹ ਕੀ ਆਸਾ ॥ (ਅੰਗ 1396)

ਅੱਗੇ ਫੁਰਮਾਉਂਦੇ ਹਨ:

ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥ਅਬਿਨਾਸੀ ਅਬਿਗਤੁ ਧਿਆਯਉ ॥
ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥
ਕਲ੍ ਸਹਾਰੁ ਤਾਸੁ ਗੁਣ ਜੰਪੈ ॥ (ਅੰਗ 1396)

ਅਰਥਾਤ – ਜਿਸ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੇਵ ਕੇ ਉੱਚੀ ਪਦਵੀ ਪਾਈ ਹੈ ਅਤੇ ਅਬਿਨਾਸ਼ੀ ਤੇ ਅਦ੍ਰਿਸ਼ਟ ਹਰੀ ਨੂੰ ਸਿਮਰਿਆ ਹੈ, ਉਸ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗਿਆਂ, ਦਲਿੱਦ੍ਰ ਨਹੀਂ ਚੰਬੜਦਾ, ਕਲਸਹਾਰ ਭੱਟ ਉਸ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਗਾਉਂਦਾ ਹੈ। ਭੱਟ ਕਲਸਹਾਰ ਜੀ ਅੱਗੇ ਫੁਰਮਾਉਂਦੇ ਹਨ:

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ ਅਮਿਅ ਨਾਮੁ ਜਾ ਕਉ ਫੁਰਿਆ ॥
ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿ ਧਰਿਆ ॥
(ਅੰਗ 1396)

ਅਰਥਾਤ – ਮੈਂ ਉਸ ਸ੍ਰੇਸ਼ਟ ਜਨ (ਸ੍ਰੀ ਗੁਰੂ ਅਮਰਦਾਸ ਜੀ) ਦੇ ਨਿਰਮਲ ਗੁਣ ਗਾਉਂਦਾ ਹਾਂ, ਜਿਸ ਨੂੰ ਆਤਮਕ ਜੀਵਨ ਦੇਣ ਵਾਲੇ ਨਾਮ ਦਾ ਅਨੁਭਵ ਹੋਇਆ ਹੈ, ਇਸ (ਸ੍ਰੀ ਗੁਰੂ ਰਾਮਦਾਸ ਜੀ) ਨੇ ਸ੍ਰੀ ਗੁਰੂ (ਅਮਰਦਾਸ ਜੀ) ਨੂੰ ਸੇਵ ਕੇ ਸ਼ਬਦ ਦਾ ਅਨੰਦ ਪ੍ਰਾਪਤ ਕੀਤਾ ਹੈ ਤੇ ਨਿਰੰਜਨ ਦਾ ਨਾਮ ਹਿਰਦੇ ਵਿਚ ਵਸਾਇਆ ਹੈ। ਸਵਈਏ ਦੀਆਂ ਆਖਰੀ ਪੰਕਤੀਆਂ ਹਨ:

ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ ॥
ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ ॥(ਪੰਨਾ 1396)

ਅਰਥਾਤ – ਹੇ ਕਲਸਹਾਰ ਕਵੀ ! ਠਾਕੁਰ ਹਰਿਦਾਸ ਜੀ ਦੇ ਸਪੁੱਤਰ (ਸ੍ਰੀ ਗੁਰੂ ਰਾਮਦਾਸ ਜੀ) (ਹਿਰਦੇ ਰੂਪੀ) ਖਾਲੀ ਸਰੋਵਰਾਂ ਨੂੰ ਨਾਮ ਨਾਲ ਭਰਨ ਵਾਲੇ ਹਨ। ਸ੍ਰੀ ਗੁਰੂ ਰਾਮਦਾਸ ਜੀ ਅਕਾਲ ਪੁਰਖ ਦੇ ਨਾਮ ਦੇ ਰਸੀਏ ਹਨ, ਗੋਬਿੰਦ-ਗੁਣਾਂ ਦੇ ਗਾਹਕ ਹਨ, ਅਕਾਲ ਪੁਰਖ ਨਾਲ ਪਿਆਰ ਕਰਨ ਵਾਲੇ ਹਨ ਅਤੇ ਸਮਦ੍ਰਿਸ਼ਟਤਾ ਦਾ ਸਰੋਵਰ ਹਨ। ਪੰਜਵੇਂ ਸਵਈਏ ਵਿਚ ਆਪ ਜੀ ਫੁਰਮਾਨ ਕਰਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਨੂੰ ਅਬਿਨਾਸ਼ੀ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਹੋਈ:

ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਮਰੁ ਵਰਤਾਇਓ ॥
ਗੁਰ ਰਾਮਦਾਸ ਕਲ੍ਯੁਚਰੈ ਤੈਂ ਅਟਲ ਅਮਰ ਪਦੁ ਪਾਇਓ ॥ (ਅੰਗ 1397)

ਅਰਥਾਤ– ਕਲਸਹਾਰ ਆਖਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਕਿਰਪਾ ਨਾਲ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਖਸ਼ੀ ਸੁੰਦਰ ਬੁੱਧ ਨਾਲ, ਸ੍ਰੀ ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਦਾ ਹੁਕਮ ਵਰਤੋਂ ਵਿਚ ਲਿਆਂਦਾ ਹੈ, ਹੇ ਸ੍ਰੀ ਗੁਰੂ ਰਾਮਦਾਸ ਜੀ ! ਆਪ ਜੀ ਸਦਾ ਥਿਰ ਰਹਿਣ ਵਾਲੇ ਹੋ ਅਤੇ ਅਬਿਨਾਸ਼ੀ ਹਰੀ ਦੀ ਪਦਵੀ ਪ੍ਰਾਪਤ ਕਰ ਲਈ ਹੈ। ਭੱਟ ਕਲ੍ਹ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਅਕਾਲ ਪੁਰਖ ਵੱਲੋਂ ਬਖਸ਼ਿਸ਼ ਹੋਈ ਇੱਕੋ ਜੋਤਿ ਦਾ ਪ੍ਰਕਾਸ਼ ਮੰਨਿਆ ਹੈ:

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥
(ਅੰਗ 1399)

ਅਰਥਾਤ– ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਚੰਦਰਮਾ ਰੂਪ ਪ੍ਰਗਟ ਹੋਏ, ਮਨੁੱਖਾਂ ਨੂੰ ਤਾਰਨ ਲਈ ਆਪ ਜੀ ਨੇ ਚਾਨਣਾ ਕੀਤਾ ਤੇ ਸਾਰੇ ਸੰਸਾਰ ਨੂੰ ਖ਼ੁਸ਼ੀ ਹੋਈ। ਫਿਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਹਰੀ ਦੀ ਅਕਥ ਕਥਾ ਦਾ ਗਿਆਨ ਰੂਪ ਬਖਸ਼ਿਆ, ਜਿਸ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਾਮਾਦਿਕ ਪੰਜੇ ਵੈਰੀ ਵੱਸ ਵਿਚ ਕਰ ਲਏ ਤੇ ਇਨ੍ਹਾਂ ਦਾ ਡਰ ਨਾ ਰਿਹਾ।

ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ
ਅਘਨ ਦੇਖਤ ਗਤੁ ਚਰਨ ਕਵਲ ਜਾਸ ॥
ਸਭ ਬਿਧਿ ਮਾਨਿ੍ਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ (ਅੰਗ 1399)

ਅਰਥਾਤ – ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਛੋਹ ਨਾਲ ਸ੍ਰੀ ਗੁਰੂ ਅਮਰਦਾਸ ਜੀ ਪ੍ਰਗਟ ਹੋਏ। ਉਨ੍ਹਾਂ ਨੇ ਕਲਿਜੁਗ ਦੀ ਪੱਤ ਰੱਖੀ, ਆਪ ਜੀ ਦੇ ਚਰਨ-ਕਮਲਾਂ ਦਾ ਦਰਸ਼ਨ ਕਰ ਕੇ ਕਲਿਜੁਗ ਦੇ ਪਾਪ ਭੱਜ ਗਏ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਪੂਰਨ ਤੌਰ 'ਤੇ ਪਤੀਜ ਗਿਆ, ਤਦੋਂ ਉਹ ਗੁਰੂ ਰਾਮਦਾਸ ਜੀ ਉੱਤੇ ਤਰੁੱਠੇ ਤੇ ਉਨ੍ਹਾਂ ਨੂੰ ਰਾਜ ਜੋਗ ਵਾਲਾ ਤਖਤ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ। ਅਗਲੇ 13 ਸਵਈਏ ਭੱਟ ਗਯੰਦ ਜੀ ਦੇ ਹਨ। ਆਪ ਜੀ ਨੇ ਵੀ ਗੁਰੂ ਨਾਨਕ ਸਾਹਿਬ ਜੀ ਦੀ ਜੋਤਿ ਦਾ ਪ੍ਰਕਾਸ਼ ਦੂਜੀ, ਤੀਜੀ ਅਤੇ ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਵਿਚ ਪ੍ਰਗਟ ਹੋਇਆ ਦੱਸਿਆ ਹੈ:

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥
ਲਹਣੈ ਪੰਥੁ ਧਰਮ ਕਾ ਕੀਆ ॥ਅਮਰਦਾਸ ਭਲੇ ਕਉ ਦੀਆ ॥
ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ ॥ਹਰਿ ਕਾ ਨਾਮੁ ਅਖੈ ਨਿਧਿ ਅਪ੍ਉ ॥
(ਅੰਗ 1401)

ਅਰਥਾਤ – ਸ੍ਰੀ ਗੁਰੂ ਨਾਨਕ ਸਾਹਿਬ ਜੀ ਅਕਾਲ ਪੁਰਖ ਦੇ ਨਿਕਟ ਵਸਦੇ ਹਨ। ਉਨ੍ਹਾਂ ਨੇ ਭਾਈ ਲਹਿਣਾ ਜੀ ਨੂੰ ਨਿਵਾਜ ਕੇ ਰੱਬੀ ਜੋਤ ਜਗਤ ਵਿਚ ਪ੍ਰਕਾਸ਼ਮਾਨ ਕੀਤੀ। ਭਾਈ ਲਹਿਣਾ ਜੀ ਨੇ ਧਰਮ ਦਾ ਰਾਹ ਚਲਾਇਆ ਅਤੇ ਨਾਮ-ਧਰਮ ਦੀ ਦਾਤ ਭਲੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪੀ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਨਾਮ ਦਾ ਅਖੁੱਟ ਖ਼ਜ਼ਾਨਾ ਸੋਢੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਖਸ਼ਿਆ।

ਇਕ ਗੱਲ ਵਿਸ਼ੇਸ਼ ਧਿਆਨ ਯੋਗ ਹੈ ਕਿ ਭੱਟ ਗਯੰਦ ਜੀ ਦੇ ਇਨ੍ਹਾਂ ਸਵਈਆਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ 'ਵਾਹਿਗੁਰੂ' ਸ਼ਬਦ ਦਾ ਪਹਿਲੀ ਵਾਰੀ ਪ੍ਰਯੋਗ ਹੋਇਆ ਹੈ:

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ (ਅੰਗ 1402)

ਅਰਥਾਤ – ਹੇ ਗੁਰੂ ! ਤੂੰ ਅਸਚਰਜ ਹੈਂ, ਤੂੰ ਅਟੱਲ ਹੈਂ, ਤੂੰ ਆਦਿ ਪੁਰਖ ਹੈਂ, ਤੂੰ ਸਦਾ ਥਿਰ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਸਿਫਤ ਸਾਲਾਹ ਵਿਚ ਇਸ ਦਾ ਗਾਇਨ ਸਾਧ ਸੰਗਤ ਵਿਚ ਵਿਸ਼ੇਸ਼ ਤੌਰ 'ਤੇ ਕੀਤਾ ਤੇ ਸੁਣਿਆ-ਮਾਣਿਆ ਜਾਂਦਾ ਹੈ, ਜਿਵੇਂ ਨਿਮਨ ਸਵਈਆਂ:

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥
ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥
ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥ (ਅੰਗ 1403)

ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਭੱਟ ਮਥੁਰਾ ਜੀ ਨੇ 7 ਸਵਈਏ ਉਚਾਰਨ ਕੀਤੇ ਹਨ। ਭੱਟ ਮਥੁਰਾ ਜੀ ਅਨੁਸਾਰ ਸਾਰੇ ਜੁਗਾਂ ਵਿਚ ਭਉਂਦਾ ਹੋਇਆ ਕੋਈ ਮੁਨੀ ਪਰਮਾਤਮਾ ਦਾ ਧਿਆਨ ਧਰਦਾ ਹੈ, ਅੰਦਰ ਦਾ ਚਾਨਣ ਲੱਭਦਾ ਹੈ, ਜਿਸ ਦਾ ਜਸ ਬ੍ਰਹਮਾ ਵੇਦ-ਬਾਣੀ ਸਣੇ ਗਾਉਂਦਾ ਹੈ,
ਜਿਸ ਦੇ ਦਰਸ਼ਨਾਂ ਖਾਤਰ ਅਨੇਕਾਂ ਜੋਗੀ, ਜਤੀ, ਸਿੱਧ ਤੇ ਸਾਧਿਕ ਤਪ ਕਰਦੇ ਹਨ,
ਜਟਾ-ਜੂਟ ਰਹਿ ਕੇ ਉਦਾਸ ਭੇਖ ਧਾਰ ਕੇ ਫਿਰਦੇ ਹਨ,

(ਬਾਕੀ ਸਫ਼ਾ 6 'ਤੇ)

# ਧੰਨੁ ਧੰਨੁ ਰਾਮਦਾਸ ਗੁਰੁ . . . .

ਸ੍ਰੀ ਗੁਰੂ ਰਾਮਦਾਸ ਜੀ ਨੇ ਚੂਨਾ ਮੰਡੀ ਲਾਹੌਰ ਵਿਖੇ ਪਿਤਾ ਹਰਿਦਾਸ ਜੀ ਦੇ ਘਰ ਮਾਤਾ ਦਇਆ ਕੌਰ ਜੀ ਦੀ ਕੁੱਖੋਂ 25 ਅੱਸੂ ਸੰਮਤ 1591 ਨੂੰ ਪ੍ਰਕਾਸ਼ ਧਾਰਿਆ।ਮਾਤਾ-ਪਿਤਾ ਜੀ ਆਪ ਜੀ ਨੂੰ ਵੱਡਾ ਪਲੇਠੀ ਦਾ ਪੁੱਤਰ ਹੋਣ ਕਰਕੇ 'ਜੇਠਾ ਜੀ' ਹੀ ਬੁਲਾਉਂਦੇ। ਵੈਸੇ ਆਪ ਜੀ ਦਾ ਨਾਮ ਬਚਪਨ ਵਿਚ ਹੀ 'ਰਾਮਦਾਸ' ਰੱਖਿਆ ਗਿਆ ਸੀ।ਆਪ ਜੀ ਅਜੇ ਛੋਟੀ ਉਮਰ ਦੇ ਹੀ ਸਨ ਜਦੋਂ ਮਾਤਾ ਦਇਆ ਕੌਰ ਜੀ ਅਕਾਲ-ਚਲਾਣਾ ਕਰ ਗਏ। ਵਾਹਿਗੁਰੂ ਦਾ ਐਸਾ ਭਾਣਾ ਵਰਤਿਆ ਕਿ ਪਿਤਾ ਹਰਿਦਾਸ ਜੀ ਵੀ ਕੁਝ ਹੀ ਸਮੇਂ ਮਗਰੋਂ ਪ੍ਰਭੂ ਨੂੰ ਪਿਆਰੇ ਹੋ ਗਏ। ਇਸ ਸਮੇਂ ਬਾਲਕ ਰਾਮਦਾਸ ਜੀ ਦੀ ਆਯੂ ਕੇਵਲ 7 ਕੁ ਸਾਲ ਸੀ। ਮਾਤਾ ਜੀ ਦੀ ਗੋਦ ਦਾ ਪਿਆਰ, ਨਿੱਘ, ਅਸੀਸਾਂ ਅਤੇ ਪਿਤਾ ਜੀ ਦਾ ਪਿਆਰ-ਸਹਾਰਾ ਬਚਪਨ ਵਿਚ ਹੀ ਆਪ ਜੀ ਦੇ ਸਿਰ ਤੋਂ ਉੱਠ ਗਿਆ। ਇਸ ਦੁੱਖ ਦੀ ਘੜੀ ਸਮੇਂ ਆਪ ਜੀ ਦੇ ਨਾਨੀ ਜੀ ਉਂਗਲੀ ਲਾ ਕੇ ਆਪ ਜੀ ਨੂੰ ਆਪਣੇ ਪਿੰਡ ਬਾਸਰਕੇ ਗਿੱਲਾਂ ਲੈ ਆਏ। ਇਥੇ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਨਕੇ ਸਨ। ਇਸ ਡਾਢੇ ਦੁੱਖ ਦੇ ਸਮੇਂ ਉਨ੍ਹਾਂ ਦੇ ਈਰਖਾਲੂਆਂ/ਸ਼ਰੀਕਾਂ ਆਦਿ ਦੀ ਵੀ ਈਰਖਾ ਜ਼ਾਹਰ ਹੋਣੋਂ ਨਾ ਰਹਿ ਸਕੀ।

ਨਗਰ ਬਾਸਰਕੇ ਗਿੱਲਾਂ ਦੇ ਵਸਨੀਕ ਨਾਨੀ-ਦੋਹਤੇ ਨੂੰ ਹੌਂਸਲਾ, ਧੀਰਜ ਦਿੰਦੇ ਰਹਿੰਦੇ। ਇਸੇ ਹੀ ਪਿੰਡ ਦੇ ਵਸਨੀਕ ਸ੍ਰੀ ਗੁਰੂ ਅਮਰਦਾਸ ਜੀ ਜਦੋਂ ਖਡੂਰ ਸਾਹਿਬ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੰਗਤ ਕਰ ਕੇ ਤੇ ਗੁਰੂ ਪਦਵੀ ਪਾ ਕੇ ਵਾਪਸ ਆਪਣੇ ਪਿੰਡ ਆਏ ਤਾਂ ਉਹ ਵੀ ਨਾਨੀ-ਦੋਹਤੇ ਦੇ ਦੁੱਖ ਵਿਚ ਸ਼ਰੀਕ ਹੋਏ ਅਤੇ ਗੁਰਬਾਣੀ-ਉਪਦੇਸ਼ਾਂ ਰਾਹੀਂ ਹੌਂਸਲਾ/ਧਰਵਾਸ ਦਿੰਦੇ। ਜਿੱਥੇ ਸ੍ਰੀ ਰਾਮਦਾਸ ਜੀ ਦੀ ਅਨਾਥਤਾ ਨੇ ਆਪ ਜੀ ਦੇ ਹਿਰਦੇ ਡੂੰਘੀ ਖਿੱਚ ਪਾਈ ਉਥੇ ਉਨ੍ਹਾਂ ਵੱਲੋਂ ਦਿੱਤੇ ਗੁਰਬਾਣੀ ਉਪਦੇਸ਼ਾਂ ਤੇ ਪਿਆਰ-ਅਸੀਸ ਸ੍ਰੀ ਰਾਮਦਾਸ ਜੀ ਨੂੰ ਮਾਤਾ-ਪਿਤਾ ਦੇ ਪਿਆਰ ਵਰਗਾ ਸੁਖ-ਆਰਾਮ ਤੇ ਨਿੱਘ ਦਿੰਦਾ।ਆਪ ਜੀ ਬਹੁਤ ਸੁੰਦਰ, ਸੁਡੋਲ, ਹੱਸਮੁਖ ਤੇ ਤੀਖਣ ਬੁੱਧ ਦੇ ਮਾਲਕ ਸਨ।ਆਪ ਜੀ ਨੂੰ ਜਿਸ ਤਰ੍ਹਾਂ ਦਾ ਵੀ ਖਾਣ-ਪਹਿਨਣ ਨੂੰ ਮਿਲਦਾ ਉਸ ਵਿਚ ਹੀ ਖੁਸ਼-ਅਨੰਦ ਰਹਿੰਦੇ। ਕਦੇ ਵੀ ਸਾਧਾਰਨ ਬੱਚਿਆਂ ਵਾਂਗ ਰੋਂਦੇ-ਕਰਲਾਉਂਦੇ ਨਾ ਤੇ ਸਭ ਨਿਆਣੇ-ਸਿਆਣੇ ਆਪ ਜੀ ਨਾਲ ਬਹੁਤ ਪਿਆਰ ਕਰਦੇ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹੁਕਮ ਮੁਜਬ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਨਗਰ ਵਸਾ ਕੇ ਸਭ ਸਾਕ-ਸੰਬੰਧੀਆਂ ਸਮੇਤ ਇਥੇ ਆ ਵੱਸੇ।ਉਸ ਸਮੇਂ ਸ੍ਰੀ ਰਾਮਦਾਸ ਜੀ ਵੀ ਆਪਣੇ ਨਾਨਕੇ ਪਰਵਾਰ ਨਾਲ ਗੋਇੰਦਵਾਲ ਆ ਵੱਸੇ। ਆਪ ਜੀ ਨੇ ਪਰਵਾਰਿਕ ਨਿਰਬਾਹ ਲਈ ਘੁੰਗਣੀਆਂ ਵੇਚਣ ਦੀ ਕਾਰ ਕਰਦਿਆਂ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਕਰ ਕੇ ਆਤਮਿਕ ਗਿਆਨ ਦੀ ਵੀ ਪ੍ਰਾਪਤੀ ਕੀਤੀ। ਇਸ ਤਰ੍ਹਾਂ ਆਪ ਕਿਰਤ ਤੇ ਸੇਵਾ-ਸਿਮਰਨ ਦੇ ਰੰਗ ਵਿਚ ਰੱਤੇ ਕਾਦਰ ਤੇ ਕੁਦਰਤ ਨਾਲ ਇਕ-ਸੁਰ ਹੋ ਕੇ ਚੱਲਦੇ ਰਹੇ।ਪਰਉਪਕਾਰ ਤੇ ਵੰਡ ਛਕਣ ਵਰਗੇ ਪਵਿੱਤਰ ਉਪਦੇਸ਼ 'ਤੇ ਪਹਿਰਾ ਦਿੰਦਿਆਂ ਹੋਇਆਂ ਆਪ ਜੀ ਕਈ ਵਾਰ ਗ਼ਰੀਬ-ਗੁਰਬਿਆਂ ਤੇ ਲੋੜਵੰਦਾਂ ਨੂੰ (ਮੁਫ਼ਤ ਹੀ) ਘੁੰਗਣੀਆਂ ਛਕਾ ਆਉਂਦੇ।

ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਦੀ ਧਰਮ ਸੁਪਤਨੀ ਨਾਲ ਸਲਾਹ ਕੀਤੀ ਕਿ "ਬੱਚੀ/ਬੀਬੀ ਭਾਨੀ ਜੀ ਦੇ ਹੱਥ ਪੀਲੇ ਕਰ ਦੇਈਏ ਭਾਵ ਵਿਆਹ ਕਰ ਦੇਈਏ,"ਨਾਲ ਹੀ ਉਨ੍ਹਾਂ ਨੇ ਸੇਵਾ-ਸਿਮਰਨ ਵਿਚ ਲੀਨ ਸ੍ਰੀ ਰਾਮਦਾਸ ਜੀ ਵੱਲ ਇਸ਼ਾਰਾ ਕਰ ਕੇ ਬਚਨ ਕੀਤਾ ਕਿ, "ਇਸ ਗੱਭਰੂ ਵਰਗਾ ਸੁਹਣਾ ਜਵਾਨ ਤੇ ਚੰਗੇ ਜੀਵਨ ਵਾਲਾ ਨੀਂਗਰ ਹੋਣਾ ਚਾਹੀਦਾ ਹੈ।" ਇਹ ਬਚਨ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਹੱਸ ਕੇ ਕਹਿਣ ਲੱਗੇ, "ਰਾਮੋ ਜੀ ! ਇਸ ਵਰਗਾ ਤੇ ਇਹ ਹੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ 22 ਫੱਗਣ ਸੰਮਤ 1610 ਵਿਚ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਸ੍ਰੀ ਰਾਮਦਾਸ ਜੀ ਨਾਲ ਕਰ ਦਿੱਤੀ। ਬੀਬੀ ਜੀ ਦੀ ਕੁੱਖੋਂ ਪ੍ਰਿਥੀ ਚੰਦ, ਮਹਾਂਦੇਵ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਨਮ ਲਿਆ।

ਜਾਤ-ਪਾਤ, ਛੂਤ-ਛਾਤ ਦੇ ਕੋਹੜ ਨੂੰ ਖ਼ਤਮ ਕਰਨ ਵਾਸਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤ ਨੂੰ ਉਪਦੇਸ਼ ਦਿੱਤਾ ਕਿ 'ਗੁਰੂ ਦੇ ਦਰਬਾਰ ਵਿਚ ਆਉਣ ਵਾਲਾ ਹਰੇਕ ਪ੍ਰਾਣੀ ਸਭ ਵਿਤਕਰਿਆਂ ਤੇ ਭੇਦ-ਭਾਵ ਨੂੰ ਛੱਡ ਕੇ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ/ਪ੍ਰਸ਼ਾਦ ਛਕੇ ਅਤੇ ਬਾਅਦ ਵਿਚ ਸੰਗਤ ਕਰੇ' ਪਰ ਇਹ ਉਪਦੇਸ਼ ਜਾਤ-ਅਭਿਮਾਨੀ ਕਾਜ਼ੀ, ਮੌਲਵੀ, ਹਿੰਦੂ ਬ੍ਰਾਹਮਣ, ਗੋਂਦੇ ਖੱਤਰੀ ਤੇ ਤਪੇ ਨੂੰ ਚੰਗਾ ਨਾ ਲੱਗਿਆ।ਉਨ੍ਹਾਂ ਨੇ ਆਪਣੇ ਅੰਦਰ ਦੀ ਨੀਚਤਾ ਨੂੰ ਬਾਹਰ ਕੱਢਦਿਆਂ ਗੁਰੂ-ਘਰ ਦੇ ਵਿਰੁੱਧ ਬਾਦਸ਼ਾਹ ਅਕਬਰ ਪਾਸ ਖ਼ੂਬ ਕੁਫ਼ਰ ਤੋਲਿਆ। ਜਦੋਂ ਬਾਦਸ਼ਾਹ ਅਕਬਰ ਨੇ ਆਪਣੀ ਸਫ਼ਾਈ ਪੇਸ਼ ਕਰਨ ਵਾਸਤੇ ਸੱਦਾ ਭੇਜਿਆ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਵਕਾਲਤ ਕਰਨ ਵਾਸਤੇ ਸ੍ਰੀ ਰਾਮਦਾਸ ਜੀ ਨੂੰ ਭੇਜਿਆ।ਆਪ ਜੀ ਨੇ ਇੰਨੇ ਸੁਚੱਜੇ ਢੰਗ ਨਾਲ ਬਾਦਸ਼ਾਹ ਅਕਬਰ ਦੇ ਸਾਹਮਣੇ ਸਿੱਖ ਧਰਮ ਦੇ ਆਦਰਸ਼ (ਸਿੱਖ ਸਿਧਾਂਤ ਤੇ ਰਹੁ-ਰੀਤਾਂ) ਨੂੰ ਪੇਸ਼ ਕੀਤਾ ਕਿ ਸਭ ਦੀ ਪੂਰੀ-ਪੂਰੀ ਨਿਸ਼ਾ ਹੋ ਗਈ।ਬਾਦਸ਼ਾਹ ਅਕਬਰ ਨੇ ਸ਼ਕਾਇਤ ਕਰਤਾਵਾਂ ਨੂੰ ਲਾਹਨਤਾਂ ਪਾਈਆਂ ਅਤੇ ਆਪ ਸਿੱਖ ਧਰਮ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਹੋ ਕੇ ਗੋਇੰਦਵਾਲ ਸਾਹਿਬ ਵਿਖੇ ਪਹੁੰਚ ਕੇ ਸ੍ਰੀ ਗੁਰੂ ਅਮਰਦਾਸ ਜੀ ਦਾ ਪਵਿੱਤਰ ਦਰਸ਼ਨ ਉਪਦੇਸ਼ ਲੈ ਕੇ ਅਤੇ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕ ਕੇ ਆਤਮਿਕ ਅਨੰਦ ਪ੍ਰਾਪਤ ਕੀਤਾ। ਇਹ ਖ਼ਬਰ ਸੁਣ ਕੇ ਗੁਰੂ-ਘਰ ਦੇ ਦੋਖੀ ਹੋਰ ਵੀ ਲੋਹੇ-ਲਾਖੇ ਹੋਏ ਤੇ ਸਿੱਖ ਤੇ ਸਿੱਖੀ ਨੂੰ ਢਾਹ ਲਾਉਣ ਵਾਸਤੇ ਕਈ ਮਨਸੂਬੇ ਘੜਨ ਲੱਗੇ।

ਸੰਨ 1559 ਵਿਚ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਤੇ ਜਾਤ-ਅਭਿਮਾਨੀਆਂ ਦੇ ਮੂੰਹ 'ਤੇ ਇਕ ਤਰ੍ਹਾਂ ਚਪੇੜ ਮਾਰਨ ਵਾਸਤੇ ਗੋਇੰਦਵਾਲ ਸਾਹਿਬ ਵਿਖੇ 'ਬਾਉਲੀ' ਦੀ ਖੁਦਾਈ ਕਰਨ ਦੀ ਸੇਵਾ ਅਰੰਭ ਕੀਤੀ ਤਾਂ ਹਉਮੈ ਅਹੰਕਾਰ ਤੋਂ ਅਲਿਪਤ ਸ੍ਰੀ ਰਾਮਦਾਸ ਜੀ ਨਾਮ-ਸਿਮਰਨ ਦੇ ਰੰਗ ਵਿਚ ਰੰਗੇ ਹੋਏ ਗਾਰਾ, ਮਿੱਟੀ, ਚੂਨਾ ਆਦਿ ਦੀਆਂ ਟੋਕਰੀਆਂ ਚੁੱਕਣ ਦੀ ਅਥਾਹ ਸੇਵਾ ਕਰਦੇ ਅਤੇ ਪਰਵਾਰਿਕ ਨਿਰਬਾਹ ਵਾਸਤੇ ਕਿਰਤ ਵੀ ਕਰਦੇ ਸਨ।

ਇਕ ਵਾਰ ਆਪ ਜੀ ਦੇ ਲਾਹੌਰ ਨਿਵਾਸੀ ਸੋਢੀ/ਸ਼ਰੀਕ ਗੋਇੰਦਵਾਲ ਸਾਹਿਬ ਪਹੁੰਚੇ ਤਾਂ ਉਨ੍ਹਾਂ ਨੇ ਸ੍ਰੀ ਰਾਮਦਾਸ ਜੀ ਨੂੰ ਗਾਰੇ ਦੀ ਟੋਕਰੀ ਚੁੱਕੀ ਆਉਂਦਿਆਂ ਵੇਖ ਕੇ ਅਹੰਕਾਰੀ ਮਨਾਂ ਨਾਲ ਕਿਹਾ, "ਜੇ ਸਹੁਰੇ ਘਰ ਰਹਿ ਕੇ ਮਜ਼ਦੂਰੀ ਹੀ ਕਰਨੀ ਸੀ ਤਾਂ ਲਾਹੌਰ ਹੀ ਇਹ ਕੰਮ ਕਰ ਲੈਣਾ ਸੀ, ਇਥੇ ਆ ਕੇ ਸਾਡਾ ਨੱਕ ਕਿਉਂ ਵੱਢਿਓ ਈ ? ਆਪਣੇ ਟੱਬਰ ਨੂੰ ਨਾਲ ਲੈ ਕੇ ਆਪਣੇ ਸ਼ਰੀਕੇ ਵਿਚ ਵੱਸ...।"ਲਾਗੇ ਖੜ੍ਹੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮੁਸਕਰਾ ਕੇ ਕਹਿਣ ਲੱਗੇ, "ਭੋਲਿਓ, ਤੁਸੀਂ ਕੀ ਜਾਣੋ ?ਇਹ ਰਾਮਦਾਸ ਦੇ ਸਿਰ ਉੱਪਰ ਗਾਰੇ ਦੀ ਟੋਕਰੀ ਨਹੀਂ, ਸਗੋਂ ਇਹ ਤਾਂ ਦੀਨ-ਦੁਨੀਆਂ ਦਾ ਛਤਰ ਹੈ।"ਸ੍ਰੀ ਰਾਮਦਾਸ ਜੀ ਦੋਵੇਂ ਹੱਥ ਜੋੜ ਕੇ ਬੜੇ ਵੈਰਾਗ ਨਾਲ ਬੋਲੇ, "ਪਾਤਸ਼ਾਹ ਜੀਓ ! ਇਹ ਅਣਜਾਣ ਹਨ, ਬਖ਼ਸ਼ ਦੇਵੋ, ਜਿਵੇਂ ਆਪ ਆਪਣੇ ਵਿਰੋਧੀਆਂ ਨੂੰ ਤੇ ਅਹੰਕਾਰੀਆਂ ਨੂੰ ਬਖ਼ਸ਼ਦੇ ਹੋ।"ਇਹ ਸੀ ਮੇਰੇ ਸਤਿਗੁਰੂ ਪਿਆਰੇ ਦੇ ਅੰਦਰੋਂ ਹਰ ਵੇਲੇ ਫੁੱਟਦਾ ਸ਼ਾਂਤੀ-ਨਿਮਰਤਾ ਦਾ ਇਲਾਹੀ ਝਰਨਾ। ਆਪ ਜੀ ਨੇ ਗੁਰੂ-ਘਰ ਵਿਚ ਸੇਵਾ ਕਰਦਿਆਂ ਇਹ ਜਤਾਉਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਕਿ ਮੈਂ ਸ੍ਰੀ ਗੁਰੂ ਅਮਰਦਾਸ ਜੀ ਦਾ ਜਵਾਈ ਹਾਂ, ਬਲਕਿ ਇਹ ਸਮਝਦਿਆਂ ਸੇਵਾ ਕੀਤੀ ਸੀ ਕਿ ਮੈਂ ਪਿਆਰੇ ਸਤਿਗੁਰੂ ਜੀ ਦਾ ਨਿਮਾਣਾ ਸਿੱਖ/ਸੇਵਕ ਹਾਂ।

ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਮੁਜਬ ਨਵਾਂ ਧਰਮ ਪ੍ਰਚਾਰ ਕੇਂਦਰ ਤੇ ਸ਼ਹਿਰ ਸਥਾਪਿਤ ਕਰਨ ਵਾਸਤੇ ਪਾਣੀ ਦੀ ਲੋੜ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਤੋਖਸਰ, ਰਾਮਦਾਸ ਸਰੋਵਰ ਦੀ ਖੁਦਵਾਈ ਕਰਨ ਤੋਂ ਬਾਅਦ ਹੋਰ ਵੀ ਸਰੋਵਰ ਖੁਦਵਾਏ। ਇਸ ਨਗਰ ਦਾ ਨਾਮ ਪਹਿਲਾਂ 'ਚੱਕ ਰਾਮਦਾਸ' ਤੇ ਫਿਰ 'ਰਾਮਦਾਸਪੁਰ' ਪ੍ਰਸਿੱਧ ਹੋਇਆ।

ਆਪ ਜੀ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਹਰ ਹੁਕਮ ਦੀ ਖ਼ੁਸ਼ ਹੋ ਕੇ ਪਾਲਣਾ ਕਰਦੇ ਅਤੇ ਗੁਰੂ ਜੀ ਦੀ ਖ਼ੁਸ਼ੀ ਵਿਚ ਆਪਣੀ ਖ਼ੁਸ਼ੀ ਮਹਿਸੂਸ ਕਰਦੇ।ਭਾਵੇਂ ਕਿ ਸਤਿਗੁਰੂ ਜੀ ਜਾਣਦੇ ਸਨ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਈ ਧਰਮ ਪ੍ਰਚਾਰ ਦੀ ਸੇਵਾ ਕਰਨ ਵਾਲਾ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਚੌਥੇ ਵਾਰਸ ਸ੍ਰੀ ਰਾਮਦਾਸ ਜੀ ਹੀ ਹੋਣਗੇ ਫਿਰ ਵੀ ਉਨ੍ਹਾਂ ਨੇ ਆਪਣੇ ਪਰਵਾਰ ਤੇ ਸੰਗਤਾਂ ਦੇ ਸਾਹਮਣੇ ਭਾਈ ਰਾਮਾ ਜੀ ਅਤੇ ਸ੍ਰੀ ਰਾਮਦਾਸ ਜੀ ਕੋਲੋਂ ਬਾਉਲੀ ਦੇ ਪਾਸ ਥੜ੍ਹੇ ਬਣਵਾਉਣ ਦੀ ਪ੍ਰੀਖਿਆ ਲਈ ਜਿਸ ਵਿਚ ਗੁਰੂ ਜੀ ਦੇ ਹੁਕਮ/ਰਜ਼ਾ ਨੂੰ ਸਤਿ ਕਰ ਕੇ ਮੰਨਣ ਵਿਚ ਸ੍ਰੀ ਰਾਮਦਾਸ ਜੀ ਨੇ ਸਫਲਤਾ ਪ੍ਰਾਪਤ ਕੀਤੀ।ਜਦੋਂ:

ਸਭ ਬਿਧਿ ਮਾਨਿਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ (ਅੰਗ 1399)

ਰੋਮ-ਰੋਮ ਵਿਚ ਵੱਸੀ ਗੁਰਮਤਿ, ਸ੍ਰੇਸ਼ਟ ਮਤਿ ਆਦਿ ਸ਼ੁਭ ਗੁਣਾਂ ਦੇ ਧਾਰਨੀ ਸ੍ਰੀ ਰਾਮਦਾਸ ਜੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਪੂਰੀ ਤਰ੍ਹਾਂ ਪਤੀਜ ਗਿਆ ਤਦੋਂ ਉਨ੍ਹਾਂ ਨੇ ਖ਼ੁਸ਼ ਹੋ ਕੇ ਸਾਰੀ ਸੰਗਤ ਦੀ ਇਕੱਤਰਤਾ ਵਿਚ 2 ਅੱਸੂ ਸੰਮਤ 1631 ਨੂੰ ਗੁਰੂ-ਘਰ ਦੇ ਮਹਾਨ ਸਿੱਖ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦੀ ਰਸਮ ਕਰਵਾ ਕੇ ਸ੍ਰੀ ਰਾਮਦਾਸ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ (ਭਾਵ ਧਰਮ ਪ੍ਰਚਾਰ ਕਰਨ) ਵਾਸਤੇ ਚੌਥਾ ਵਾਰਸ ਥਾਪ ਦਿੱਤਾ।

ਜਦੋਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੇਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੂੰ ਮੱਥਾ ਟੇਕਿਆ ਤਾਂ ਆਪ ਵੈਰਾਗ ਵਿਚ ਬੋਲ ਉੱਠੇ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ (ਅੰਗ167)

ਪਾਤਸ਼ਾਹ! ਤੂੰ ਆਪ ਜਾਣਦਾ ਹੈਂ, ਮੈਂ ਤਾਂ ਲਾਹੌਰ ਦੀਆਂ ਗਲੀਆਂ ਵਿਚ ਕੱਖਾਂ ਵਾਂਗ ਰੁਲਣ ਵਾਲਾ ਸੀ, ਮੇਰੇ ਯਤੀਮ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਪਾਤਸ਼ਾਹ! ਇਹ ਤੇਰੀ ਹੀ ਮਿਹਰ ਹੈ ਕਿ ਤੂੰ ਮੇਰੇ ਵਰਗੇ ਨਿਮਾਣੇ ਨੂੰ ਪਿਆਰ ਨਾਲ ਤੱਕਿਆ ਤੇ ਅੱਜ ਅਰਸ਼ਾਂ ਤਕ ਪਹੁੰਚਾ ਦਿੱਤਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ, ਉਨ੍ਹਾਂ ਦੇ ਸਪੁੱਤਰ ਬਾਬਾ ਮੋਹਰੀ ਜੀ ਤੇ ਸਭ ਸੰਗਤਾਂ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨੀਂ ਮੱਥਾ ਟੇਕਿਆ। ਅਗਰ ਕੋਈ ਈਰਖਾ/ਦਵੈਸ਼ ਕਰਕੇ ਚਰਨੀਂ ਨਹੀਂ ਪਿਆ ਤਾਂ ਉਸ ਨੂੰ ਵੀ ਅਕਾਲ ਪੁਰਖ ਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨੀਂ ਨਿਵਾਇਆ:

ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥ (ਅੰਗ 924)

ਹਰ ਪਾਸੇ ਤੋਂ ਖ਼ੁਸ਼ੀ ਤੇ ਗੁਰ-ਸਿਫ਼ਤ ਦੇ ਰੰਗ ਵਿਚ ਮਿੱਠੀ ਪਿਆਰੀ ਆਵਾਜ਼ ਆ ਰਹੀ ਸੀ:

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥ (ਅੰਗ 968)

ਹਰ ਥਾਂ ਇਕ ਹੀ ਗੱਲ ਹੋ ਰਹੀ ਸੀ ਕਿ ਸ੍ਰੀ ਹਰਿਦਾਸ ਜੀ ਦੇ ਸਪੁੱਤਰ ਸ੍ਰੀ ਗੁਰੂ ਰਾਮਦਾਸ ਜੀ ਹਿਰਦੇ ਰੂਪੀ ਖ਼ਾਲੀ ਸਰੋਵਰਾਂ ਨੂੰ ਨਾਮ-ਰੂਪੀ ਜਲ ਨਾਲ ਭਰਨ ਵਾਲੇ ਹਨ; ਨਾਮ ਰਸੀਏ, ਗੁਣਾਂ ਦੇ ਗਾਹਕ, ਅਕਾਲ ਪੁਰਖ ਦੇ ਪ੍ਰੇਮੀ ਅਤੇ ਸਮਦ੍ਰਿਸ਼ਟਤਾ ਦੇ ਸਰੋਵਰ ਹਨ; ਉੱਚੀ ਮਤ ਉਨ੍ਹਾਂ ਦੀ ਮਾਤਾ ਅਤੇ ਸੰਤੋਖ ਉਨ੍ਹਾਂ ਦਾ ਪਿਤਾ ਹੈ।ਆਪ ਸ਼ਾਂਤੀ ਦੇ ਸਰੋਵਰ ਵਿਚ ਚੁੱਭੀ ਲਾਈ ਪਵਿੱਤਰ ਜੀਭ ਤੋਂ ਪ੍ਰਭੂ ਦੀ ਸਿਫ਼ਤ-ਸਲਾਹ ਕਰਦੇ ਹੋਏ ਸੰਗਤਾਂ ਨੂੰ ਤਾਰ ਰਹੇ ਹਨ:

ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥
ਜਾ ਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ
ਸਬਦ ਸਾਰੁ ਏਕ ਲਿਵ ਲਾਈ ਹੈ ॥ (ਅੰਗ 1398)

ਜਦੋਂ ਗੁਰੂ ਜੀ ਦੀ ਇਹ ਸਿਫ਼ਤ-ਸਲਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਦੇ ਕੰਨੀਂ ਪਈ ਕਿ:

ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
(ਵਾਰ 1:47)

ਤਾਂ ਇਕ ਦਿਨ ਬਾਬਾ ਸ੍ਰੀ ਚੰਦ ਜੀ ਨਗਰ 'ਬਾਰਠ' (ਗੁਰਦਾਸਪੁਰ) ਤੋਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਵਾਸਤੇ ਸ੍ਰੀ ਅੰਮ੍ਰਿਤਸਰ ਆਏ। ਗੁਰੂ ਜੀ ਨੇ ਉਨ੍ਹਾਂ ਦਾ ਬਹੁਤ ਅਦਬ-ਸਤਿਕਾਰ ਕੀਤਾ। ਬਾਬਾ ਜੀ ਗੁਰਬਾਣੀ ਦਾ ਕੀਰਤਨ ਸ੍ਰਵਣ ਕਰ ਕੇ ਬੜੇ ਪ੍ਰਸੰਨ ਹੋਏ।

ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਉਨ੍ਹਾਂ ਵੱਲੋਂ ਚਲਾਈਆਂ ਗਈਆਂ 22 ਮੰਜੀਆਂ (ਧਰਮ ਪ੍ਰਚਾਰ ਕੇਂਦਰ) ਤੋਂ ਇਲਾਵਾ ਗੁਰਮਤਿ ਦਾ ਪ੍ਰਚਾਰ ਕਰਨ ਅਤੇ ਗੁਰੂ-ਘਰ ਦੇ ਕਾਰਜਾਂ ਵਾਸਤੇ ਦਸਵੰਧ ਇਕੱਠਾ ਕਰਨ ਵਾਸਤੇ ਗੁਰਮਤਿ ਵਿਚ ਪਰਪੱਕ, ਸਿਆਣੇ ਹੋਰ ਸਿੱਖ ਨਾਮਜ਼ਦ ਕੀਤੇ। ਸਿੱਖ ਇਤਿਹਾਸ ਵਿਚ ਇਨ੍ਹਾਂ ਨਵੇਂ ਬਣੇ ਪ੍ਰਚਾਰਕਾਂ ਨੂੰ 'ਮਸੰਦ' ਕਿਹਾ ਜਾਂਦਾ ਹੈ।

ਆਪ ਜੀ ਨੇ ਸੰਗਤਾਂ ਨੂੰ ਪਹਿਲੇ ਤਿੰਨ ਗੁਰੂ ਸਾਹਿਬਾਨ ਅਤੇ ਸ਼੍ਰੋਮਣੀ ਭਗਤਾਂ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ ਜੋ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਹੈ।ਗੁਰਮਤਿ ਦੀ ਕਸਵੱਟੀ/ਪਰਖ 'ਤੇ ਖਰੇ ਉਤਰਨ ਵਾਲੇ, ਕਲਯੁਗੀ ਜੀਵਾਂ ਦਾ ਉੱਧਾਰ ਕਰਨ ਦੇ ਸਮਰੱਥ, ਦੀਨ-ਧਰਮ ਹੇਤ ਕੁਰਬਾਨ/ਸ਼ਹੀਦ ਹੋ ਜਾਣ ਵਾਲਾ ਜਜ਼ਬਾ ਰੱਖਣ ਵਾਲੇ ਆਪਣੇ ਛੋਟੇ ਸਪੁੱਤਰ ਸ੍ਰੀ ਅਰਜਨ ਦੇਵ ਜੀ ਨੂੰ ਸਿੱਖ ਸੰਗਤਾਂ ਦੀ ਮੌਜੂਦਗੀ ਵਿਚ ਗੁਰੂ-ਘਰ ਦੇ ਅਨਿੰਨ ਸਿੱਖ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦੀ ਰਸਮ ਅਦਾ ਕਰਵਾ ਕੇ ਪਹਿਲੇ ਗੁਰੂ ਸਾਹਿਬਾਨ, ਸ਼੍ਰੋਮਣੀ ਭਗਤਾਂ ਦੀ ਬਾਣੀ ਅਤੇ ਆਪਣੇ ਵੱਲੋਂ ਉਚਾਰਨ ਕੀਤੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦਾ ਪੰਜਵਾਂ ਵਾਰਸ ਸਥਾਪਿਤ ਕੀਤਾ।ਮਥੁਰਾ ਭੱਟ ਜੀ ਗੁਰਬਾਣੀ ਅੰਦਰ ਇਉਂ ਫ਼ੁਰਮਾਨ ਕਰਦੇ ਹਨ:

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਅੰਗ 1409)

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਸੌਂਪ ਕੇ ਸ੍ਰੀ ਗੁਰੂ ਰਾਮਦਾਸ ਜੀ ਬੀਬੀ ਭਾਨੀ ਜੀ ਸਮੇਤ ਸ੍ਰੀ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਚਲੇ ਗਏ ਤੇ ਇਥੇ ਹੀ 2 ਅੱਸੂ ਸੰਮਤ 1638 ਵਿਚ ਜੋਤੀ-ਜੋਤਿ ਸਮਾ ਗਏ।

*ਭਾਈ ਨਿਸ਼ਾਨ ਸਿੰਘ ਗੰਡੀਵਿੰਡ*
*+919781984184*

## ਗੁਰ ਰਾਮਦਾਸ ਰਾਖਹੁ ਸਰਣਾਈ

(ਸਫ਼ਾ 5 ਦੀ ਬਾਕੀ)

ਉਸ ਹਰੀ-ਰੂਪ ਸ੍ਰੀ ਗੁਰੂ ਅਮਰਦਾਸ ਜੀ ਨੇ ਸਹਜ-ਸੁਭਾਇ ਜੀਆਂ ਉੱਤੇ ਕਿਰਪਾ ਕੀਤੀ ਤੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਹਰੀ ਨਾਮ ਦੀ ਵਡਿਆਈ ਬਖਸ਼ੀ:

ਜਾ ਕਉ ਮੁਨਿ ਧਯਾਨ ਧਰੈ ਫਿਰਤ ਸਗਲ ਜੁਗ
ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥
ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ
ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥
ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ
ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥
ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ
ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ (ਅੰਗ 1404)

ਭੱਟ ਬਲ੍ਹ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਪੰਜ ਸਵਈਏ ਉਚਾਰੇ ਹਨ, ਜਿਨ੍ਹਾਂ ਦਾ ਉਚਾਰਨ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਪ੍ਰਕਾਸ਼ ਸਮੇਂ ਹੋਰ ਭੱਟ ਬਾਣੀ ਦੇ ਨਾਲ ਬੜੇ ਪਿਆਰ ਨਾਲ ਉਚਾਰਨ ਕੀਤਾ ਜਾਂਦਾ ਹੈ। ਉਦਾਹਰਨ ਵਜੋਂ ਇਕ ਸਵਈਆਂ ਨਿਮਨ ਲਿਖਤ ਹੈ:

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ ॥
ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥
ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥
ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ ॥
ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥
ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ ॥
(ਅੰਗ 1405)

ਅਰਥਾਤ- ਜਿਸ ਸਤਿਗੁਰੂ (ਸ੍ਰੀ ਗੁਰੂ ਰਾਮਦਾਸ ਜੀ) ਦਾ ਸਿਮਰਨ ਕੀਤਿਆਂ ਅੱਖਾਂ ਦੇ ਛੌੜ ਖਿਨ ਵਿਚ ਕੱਟੇ ਜਾਂਦੇ ਹਨ, ਜਿਸ ਗੁਰੂ ਦਾ ਸਿਮਰਨ ਕੀਤਿਆਂ ਹਿਰਦੇ ਵਿਚ ਹਰੀ ਦਾ ਨਾਮ ਦਿਨੋਂ ਦਿਨ ਹੋਰ ਪ੍ਰਪੱਕ ਹੁੰਦਾ ਹੈ।ਜਿਸ ਗੁਰੂ ਨੂੰ ਸਿਮਰਿਆਂ ਜੀਵ ਦੇ ਹਿਰਦੇ ਦੀ ਤਪਤ ਮਿਟਦੀ ਹੈ, ਜਿਸ ਗੁਰੂ ਨੂੰ ਯਾਦ ਕਰ ਕੇ ਜੀਵ ਰਿੱਧੀਆਂ ਸਿੱਧੀਆਂ ਤੇ ਨੌਂ ਨਿਧੀਆਂ ਪਾ ਲੈਂਦਾ ਹੈ; ਭੱਟ ਬਲ੍ਹ ਜੀ ਕਹਿੰਦੇ ਹਨ – ਹੇ ਜਨੋਂ! ਜਿਸ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨੀਂ ਲੱਗ ਕੇ ਪ੍ਰਭੂ ਨੂੰ ਮਿਲੀਦਾ ਹੈ, ਉਸ ਨੂੰ ਸਿਮਰੋ ਤੇ ਸੰਗਤ ਵਿਚ ਮਿਲ ਕੇ ਆਖੋ, ਤੂੰ ਧੰਨ ਹੈਂ, ਤੂੰ ਧੰਨ ਹੈਂ।ਭੱਟ ਕੀਰਤ ਦੇ 4 ਸਵਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਇਕ ਸਵਈਆਂ ਜੋ ਬਹੁਤ ਪ੍ਰਸਿੱਧ ਹੈ ਅਤੇ ਲੱਗਭਗ ਰੋਜ਼ ਸ੍ਰੀ ਦਰਬਾਰ ਸਾਹਿਬ ਰਾਗੀ ਸਿੰਘਾਂ ਵਲੋਂ ਜਾਂ ਅੰਮ੍ਰਿਤ ਵੇਲੇ ਪ੍ਰਕਾਸ਼ ਸਮੇਂ ਗਾਇਨ ਕੀਤਾ ਜਾਂਦਾ ਹੈ, ਇਹ ਹੈ:

-ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥
(ਅੰਗ 1406)

ਅਰਥਾਤ – 1. ਅਸੀਂ ਅਉਗਣਾਂ ਨਾਲ ਭਰੇ ਹੋਏ ਹਾਂ, ਸਾਡੇ ਵਿਚ ਇਕ ਵੀ ਗੁਣ ਨਹੀਂ ਹੈ, ਅੰਮ੍ਰਿਤ ਰੂਪੀ ਨਾਮ ਨੂੰ ਛੱਡ ਕੇ ਅਸੀਂ ਨਿਰੀ ਵਿਸ਼ੇ ਵਿਕਾਰਾਂ ਦੀ) ਵਿਹੁ ਹੀ ਖਾਂਦੇ ਰਹਿੰਦੇ ਹਾਂ।ਮਾਇਆ ਦੇ ਮੋਹ ਅਤੇ ਭਰਮਾਂ ਵਿਚ ਪੈ ਕੇ ਅਸੀਂ ਜੀਵਨ ਰਾਹ ਤੋਂ ਭੁੱਲੇ ਹੋਏ ਹਾਂ ਅਤੇ ਪੁੱਤਰ ਇਸਤਰੀ ਦੇ ਪਿਆਰ ਵਿਚ ਰੁਝੇ ਹੋਏ ਹਾਂ।

2. ਅਸੀਂ ਸਤਿਗੁਰੂ ਜੀ ਦੀ ਸੰਗਤ ਵਾਲਾ ਉੱਤਮ ਰਾਹ ਸੁਣਿਆ ਹੈ ਜਿਸ 'ਤੇ ਚੱਲਿਆਂ ਜਮਾਂ ਦਾ ਡਰ ਮਿਟ ਜਾਂਦਾ ਹੈ।

ਭੱਟ ਕੀਰਤ ਜੀ ਦੀ ਇੱਕੋ ਬੇਨਤੀ ਹੈ ਕਿ ਹੇ ਸ੍ਰੀ ਗੁਰੂ ਰਾਮਦਾਸ ਜੀ! ਆਪਣੀ ਸ਼ਰਨ ਵਿਚ ਰੱਖੋ ਜੀ।ਸਲ੍ਹ ਭੱਟ ਦੇ ਕੇਵਲ ਦੋ ਸਵਈਏ ਹਨ।ਆਪ ਜੀ ਸ੍ਰੀ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ ਫੁਰਮਾਉਂਦੇ ਹਨ:

ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥
ਗੁਰ ਰਾਮਦਾਸ ਸਚੁ ਸਲ੍ਯ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥ (ਅੰਗ 1406)

ਅਰਥਾਤ- (ਸ੍ਰੀ ਗੁਰੂ ਰਾਮਦਾਸ ਜੀ) ਆਪ ਜੀ ਦੇ ਸਿਰ ਉੱਤੇ ਛਤਰ ਹੈ, ਆਪ ਜੀ ਦਾ ਤਖਤ ਸਦਾ-ਥਿਰ ਹੈ, ਆਪ ਰਾਜ ਅਤੇ ਜੋਗ ਦੋਵੇਂ ਮਾਣਦੇ ਹੋ ਤੇ ਆਤਮ ਬਲੀ ਹੋ।ਹੇ ਕਲ੍ਹ ਕਵੀ! ਤੂੰ ਸੱਚ ਆਖ, ਹੇ ਗੁਰੂ ਰਾਮਦਾਸ ਜੀ! ਤੁਸੀਂ ਅਟੱਲ ਰਾਜ ਵਾਲੇ ਤੇ (ਦੈਵੀ-ਸਰੂਪ) ਨਾ ਨਾਸ਼ ਹੋਣ ਵਾਲੀ ਫੌਜ ਵਾਲੇ ਹੋ ਜੀ।

ਮੋ: +9197798-16909